# ਕਦੇ ਤਾਂ ਮਿਲ ਜ਼ਿੰਦਗੀ

ਕਵਿਤਾਵਾਂ

### *ਇਸੇ ਕਲਮ ਤੋਂ*

- ਸਿਜਦੇ ਜੁਗਨੂੰਆਂ ਨੂੰ (**ਕਵਿਤਾ**)
- ਸਪੰਦਨ (**ਕਵਿਤਾ**)
- ਇਕ ਟੋਟਾ ਵਰੇਸ (**ਕਵਿਤਾ**)
- ਏਕਮ ਦੀ ਫਾਂਕ (**ਕਵਿਤਾ**)
- ਕਿਣ ਮਿਣ ਅੱਖਰ (**ਕਵਿਤਾ**)
- ਸ਼ੀਸ਼ੇ ਦੀ ਜੂਨ (**ਕਵਿਤਾ**)
- ਕਿਥੋਂ ਆਉਂਦੀ ਕਵਿਤਾ (**ਕਵਿਤਾ**)
- ਕਦੇ ਕਦਾਈਂ (**ਕਵਿਤਾ**)
- ਮਨ ਦਾ ਪੰਛੀ (**ਅਨੁਵਾਦ, ਐੱਨ.ਬੀ.ਟੀ., ਨਵੀਂ ਦਿੱਲੀ**)
- ਘਰ ਘਰ (**ਕਵਿਤਾ**)
- ਆਪਣੇ ਤੋਂ ਆਪਣੇ ਤਕ (**ਕਵਿਤਾ**)
- ਕਵਿਤਾ ਕੀ ਦਸਤਕ (**ਹਿੰਦੀ ਅਨੁਵਾਦ, ਅਮੀਆ ਕੁੰਵਰ**)

# ਕਦੇ ਤਾਂ ਮਿਲ ਜ਼ਿੰਦਗੀ

**ਅਰਤਿੰਦਰ ਸੰਧੂ**

**Kade Tan Mil Zindagi** **(Poetry)**

*by*

**Artinder Sandhu**
**404, Tilak Nagar, Amritsar**
**Mobile : 98153 02081**
**E-mail : sandhuartinder@yahoo.com**

*ਸਰਵਰਕ :*

ਸਤਵੰਤ ਸਿੰਘ ਸੁਮੇਲ

*ਸਕੈੱਚ :*

ਸਿਮਰ ਮਜੀਠੀਆ

**ਸਮਰਪਣ**

•

ਉਸ ਕੁਦਰਤੀ ਪ੍ਰਕਿਰਿਆ ਨੂੰ
ਜੋ ਮੇਰੇ ਅੰਦਰਲੀਆਂ
ਕਾਵਿਕ ਬਿਰਤੀਆਂ ਦਾ ਸੰਬੰਧ
ਚੁਫ਼ੇਰੇ ਦੇ ਵਰਤਾਰਿਆਂ ਨਾਲ
ਜੋੜਦੀ ਹੈ

•



## ਤਤਕਰਾ


| | |
|---|---|
| ਕਦੇ ਤਾਂ ਮਿਲ ਜ਼ਿੰਦਗੀ ! | 9 |
| ਇਸ ਵਾਰ | 12 |
| ਤੂੰ ਕੀ ਹੈਂ ਮੇਰੀ | 14 |
| ਪਿਆਰ-1 | 16 |
| ਪਿਆਰ-2 | 18 |
| ਪਿਆਰ-3 | 19 |
| ਮੇਰਾ ਆਪਣਾ | 20 |
| ਯਾਦਾਂ-1 | 25 |
| ਯਾਦਾਂ-2 | 28 |
| ਯਾਦਾਂ-3 | 29 |
| ਘਰ ਦਾ ਸੌਦਾ | 31 |
| ਇਕੁਏਰੀਅਮ | 34 |
| ਛਿਲਕੇ | 38 |
| ਮੁਹੱਬਤ-1 | 39 |
| ਮੁਹੱਬਤ-2 | 40 |
| ਮੁਹੱਬਤ-3 | 41 |
| ਦੋਸਤੀ-1 | 42 |
| ਦੋਸਤੀ-2 | 45 |
| ਦੋਸਤੀ-3 | 47 |
| ਦੋਸਤੀ-4 | 48 |
| ਦੋਸਤੀ-5 | 50 |
| ਦੋਸਤੀ-6 | 51 |
| ਦੋਸਤੀ-7 | 52 |
| ਆਪਣੇ ਤੱਕ | 55 |
| ਸਰਪ੍ਰਾਈਜ਼ | 56 |
| ਭਰਮ ਭੁਲੇਖੇ | 59 |

ਘੁੱਗੀ 62
ਇਵੇਂ ਹੀ 64
ਵੇਲੇ ਕੁਵੇਲੇ 65
ਨਾਮ ਤੇ ਰਿਸ਼ਤੇ 66
ਪਿਤਰ 68
ਇਕ ਪਿਆਲਾ ਚਾਹ 70
ਉਮਰ ਦੀ ਚਟਾਨ-1 71
ਉਮਰ ਦੀ ਚਟਾਨ-2 73
ਗਰੁੱਪ ਮੈਸਮੈਰਿਜ਼ਮ ਦੇ ਸ਼ਿਕਾਰ 76
ਪੱਤਝੜ ਦੀ ਜੂਨ 80
ਉਹ ਅਹਿਸਾਸ 82
ਖ਼ਿਆਲਾਂ ਦਾ ਕਾਰਵਾਂ 84
ਜਦ ਤੁਸੀਂ ਔਰਤ ਹੋਵੋ 87
ਪਲ 91
ਮੌਸਮ ਦਾ ਪਹਿਲਾ ਫੁੱਲ 94
ਭੀੜ 97
ਡੋਲਦੇ ਪਲ 98
ਖੋਜ 99
ਉਮਰ ਦੇ ਪੱਤਣ ’ਤੇ 101
ਮਿੱਟੀ ਝੜਨ ਪਿੱਛੋਂ 105
ਆਪਣੇ ਵਾਸਤੇ 106
ਅਖ਼ਬਾਰ 108
ਜੁਗਾੜ 109
ਹਨੇਰੇ ਦਾ ਸਫ਼ਰ 110
ਸਮਾਂ ਆਉਂਦਾ ਹੈ 111

# ਕਦੇ ਤਾਂ ਮਿਲ ਜ਼ਿੰਦਗੀ !

ਜ਼ਿੰਦਗੀ...
ਕਦੇ ਤਾਂ ਮਿਲ ਇਸ ਤਰ੍ਹਾਂ
ਕਿ ਸਾਡੀ ਆਪਣੀ ਜਿਹੀ ਲੱਗੇਂ ਤੂੰ...
ਚਿਤਵਨ ਦੇ ਕਿਸੇ ਅੰਸ਼ ਵਰਗੀ...

ਸਹੇਲੀ ਵਾਂਗ ਮਿਲ ਕਦੇ
ਪੂਰੀ ਅਪਣੱਤ ਨਾਲ ਇੰਜ
ਕਿ ਜਾਣਦਿਆਂ ਹੋਇਆਂ
ਇਕ ਦੂਜੇ ਦੀਆਂ
ਕਮਲੀਆਂ ਰਮਲੀਆਂ ਆਦਤਾਂ...
ਸਹਿਜੇ ਸਹਿਜੇ ਕੀਤੀਆਂ
ਨਿੱਕੀਆਂ ਨਿੱਕੀਆਂ ਗੱਲਾਂ ਦੇ
ਐਵੇਂ ਜਿਹੇ ਜਾਪਦੇ
ਸੁਹਿਰਦ ਜਿਹੇ ਸ਼ਬਦ
ਪੂੰਝ ਦੇਣ ਜ਼ਿੰਦਗੀ 'ਚੋਂ
ਸਾਰਾ ਦਰਦ ਤੇ ਇਕੱਲ

ਕਦੇ ਸਾਵੇ ਘਾਹ ਜਿਹੀ ਸ਼ਿੱਦਤ ਭਰੇ
ਗੁਲਮੋਹਰ ਦੇ ਬਿਰਖ ਵਰਗੇ
ਮਹਿਬੂਬ ਵਾਂਗ ਮਿਲ
ਜਿਹਦੇ ਸਾਹਵੇਂ ਬੈਠਿਆਂ
ਜਾਗੇ ਹੀ ਨਾ ਕੋਈ ਬੇਚੈਨ ਪਿਆਸ
ਨਾ ਜਾਪੇ ਲੋੜ...
ਕਿਸੇ ਛੋਹ...ਕਿਸੇ ਬੋਲ ਤਕ ਦੀ...
ਮਹਿਸੂਸ ਹੋਵੇ ਤਾਂ ਬਸ...
ਉਸ ਹੋਂਦ ਦੇ ਅਹਿਸਾਸ ਦੀ
ਭਰਪੂਰਤਾ ਦਾ ਜਾਦੂ...

ਤੇ ਕਦੇ ਕਿਸੇ
ਮਾਂ ਬਾਪ ਜਾਂ ਸਰਪ੍ਰਸਤ ਜਿਹੇ
ਰਿਸ਼ਤੇ ਵਾਂਗ ਹੀ ਮਿਲ
ਜਿਸ ਦੇ ਅੰਬਰ ਦੀ
ਰੱਖਿਆ ਛੱਤਰੀ ਦੀ ਛਾਵੇਂ
ਬੈਠੇ ਰਹੀਏ ਧਰਤੀ ਵਾਂਗ ਸਾਂਭ ਕੇ
ਜੀਣ ਦੀਆਂ ਇਬਾਰਤਾਂ ਤੇ ਸਰੋਕਾਰ
ਤੇ ਖਲਾਅ ਦੇ ਅਥਾਹ ਸਿਲਸਿਲੇ
ਕੁਝ ਪਲਾਂ ਲਈ ਠਹਿਰ ਜਾਣ

ਯੁੱਗਾਂ ਤੋਂ ਉਡੀਕ ਵਿਚ ਹਾਂ
ਤੂੰ ਸਾਵੀਆਂ ਪੱਤੀਆਂ ਬਣ ਕੇ
ਆਪਣੀ ਰੁੱਤ ਦੇ ਖੁੰਢਾਂ 'ਚੋਂ
ਫੁੱਟ ਤਾਂ ਸਹੀ ਕਦੇ...

ਹੰਢਦੇ ਜਾ ਰਹੇ ਹਾਂ
ਨਿੱਤ ਪੁਰਾਣੀਆਂ ਹੋ ਕੇ ਫਟ ਰਹੀਆਂ
ਆਸਾਂ ਦੀਆਂ ਚੇਪੀਆਂ ਆਸਰੇ ਜੀਂਦਿਆਂ

ਨਾ ਪਤਾ ਹੁੰਦਾ
ਕਿਉਂ ਚੀਰ ਰਹੇ ਹਾਂ ਪਰਬਤ
ਤੇ ਪਹੁੰਚੇ ਹਾਂ ਕਿੱਥੇ ਕੁ...
ਨਾ ਹੰਝੂਆਂ ਦੇ ਸਾਗਰਾਂ ਵਿਚਕਾਰ
ਕਿਨਾਰਿਆਂ ਦੀ ਸੂਹ ਹੀ ਮਿਲਦੀ ਕਦੇ

ਜ਼ਿੰਦਗੀ...
ਤੂੰ ਆਪਣੇ ਤਲਬਗਾਰਾਂ ਨੂੰ
ਕਦੇ ਵੀ ਨਹੀਂ ਮਿਲਦੀ...

ਜੇ ਆਸ ਪਾਸ ਹੈਂ
ਤਾਂ ਮਨੁੱਖਾਂ ਦੀ ਟੋਹ ਵਿਚ ਆ
ਅਹਿਸਾਸਾਂ ਦੀ ਛੋਹ ਵਿਚ ਆ

ਕਦੇ ਤਾਂ ਮਿਲ ਜ਼ਿੰਦਗੀ...

•



## ਇਸ ਵਾਰ

ਇਸ ਵਾਰ ਵੀ ਇਵੇਂ ਹੀ ਹੋਇਆ...

ਕੁਝ ਪੱਤਿਆਂ ਨੇ, ਹਵਾਵਾਂ ਦੇ ਬੁਲ੍ਹਿਆਂ ਕੋਲੋਂ
ਪੱਤਝੜ ਦੀ ਆਮਦ ਦੀ ਖ਼ਬਰ ਸੁਣੀ
ਉਹ ਘਬਰਾਏ ਤੇ ਕਾਹਲੀ ਵਿਚ ਬਿਰਖ਼ ਨੂੰ
ਅਲਵਿਦਾ ਕਹਿ ਕੇ ਨਿੱਖੜ ਗਏ

ਧਰਿਆ ਧਰਾਇਆ ਅੰਬਾਰ
ਉਨ੍ਹਾਂ ਦੇ ਸਾਹਾਂ ਦਾ
ਰੇਤ ਵਾਂਗ ਉੱਡਿਆ ਤੇ ਖਿੰਡ ਗਿਆ

ਕੁਝ ਪੱਤੇ, ਉਨ੍ਹਾਂ ਦਾ ਹਸ਼ਰ ਤੱਕ
ਵਰਤੇ ਅਣਵਰਤੇ ਸਾਹ ਚੁੱਕ
ਹਵਾਵਾਂ ਦੇ ਨਾਲ ਹੀ ਤੁਰ ਗਏ
ਕੁਝ ਉਡਾਰੀਆਂ ਲਾਈਆਂ
ਕਿਲਕਾਰੀਆਂ ਮਾਰੀਆਂ ਪੌਣਾਂ ਸੰਗ
ਤੇ ਅਣਜਾਣੇ, ਅਣਵੇਖੇ ਰਾਹੀਂ
ਦਰਾਂ ਘਰਾਂ 'ਤੇ ਜਾ ਕਿਰੇ

ਕੁਝ ਨੇ ਬੰਨ੍ਹ ਦਿੱਤੀ ਘੁੱਟ ਕੇ
ਆਪਣੇ ਸਾਹਾਂ ਦੀ ਪੋਟਲੀ ਬਿਰਖ ਦੀ ਕਲਾਈ 'ਤੇ
ਅੜੇ ਰਹੇ ਖੜ੍ਹੇ ਰਹੇ ਤੇ ਦੜੇ ਰਹੇ
ਹਵਾਵਾਂ ਦੇ ਸਾਰੇ ਦੌਰ
ਤੇ ਸਾਰੇ ਜ਼ੋਰ ਦੇ ਸਾਹਵੇਂ

ਪਿਘਲਾ ਕੇ ਆਪਣੀ ਹਠੀਲੀ ਸੋਚ ਵਿਚ
ਠੱਕਿਆਂ ਦੇ ਸਾਮਰਾਜ ਦੀਆਂ

ਸਰਦ ਗ਼ੁਸੈਲ ਨਜ਼ਰਾਂ ਨੂੰ
ਡੋਲ੍ਹ ਦੇਂਦੇ ਰਹੇ ਫ਼ਿਜ਼ਾਵਾਂ ਵਿਚ

ਤੁਰ ਗਈਆਂ ਝੰਜੋੜ ਮਰੋੜ ਕੇ
ਥੱਕੀਆਂ ਹਾਰੀਆਂ ਬਰਫ਼ੀਲੀਆਂ ਹਵਾਵਾਂ
ਝੂਲਦੇ ਹੀ ਰਹੇ ਟਾਹਣੀਆਂ ਨੂੰ
ਘੁੱਟ ਕੇ ਫੜੀ ਕੁਝ ਪੱਤੇ
ਤੱਕਦੇ ਰਹੇ ਮੌਸਮ ਦੀ ਜ਼ਿਦ ਨੂੰ ਟੁੱਟਦੇ
ਤੇ ਆਪਣੇ ਤਾਣ ਦੇ ਹੱਠ ਨੂੰ ਜਿੱਤਦੇ

ਤੱਕਦੇ ਰਹੇ ਉਹ
ਯੱਖ ਸਫ਼ਰ ਦੇ ਮੁੱਕਣ ਤੇ ਸੂਰਜ ਦੇ
ਕਿਰਨ-ਮ-ਕਿਰਨੀ ਰੁੱਤ ਨੂੰ ਜਗਾਉਣ ਤਕ
ਫ਼ਿਜ਼ਾ ਨੂੰ ਸੋਨੇ ਵਿਚ ਢਲਦਿਆਂ
ਬਹਾਰ ਦੇ ਸੁਆਗਤ ਵਾਸਤੇ
ਨਵੇਂ ਪੱਤਿਆਂ ਦੀ ਆਮਦ ਦੇ ਪਲੀਂ
ਤੇ ਮਾਣਦੇ ਰਹੇ ਬਿਰਖ ਉੱਤੇ ਸ਼ਗਨ ਦੇ ਪੱਤੇ ਬਣੇ
ਅਸੀਮ ਤਸੱਲੀ ਦੇ ਪਲਾਂ ਨੂੰ
ਜੋ ਮੌਤ ਦੀਆਂ ਘਾਟੀਆਂ ਦੀਆਂ
ਉਤਰਾਈਆਂ ਚੜ੍ਹਾਈਆਂ ਪਿੱਛੋਂ
ਜ਼ਿੰਦਗੀ ਨੇ ਮਾਣੇ

•

## ਤੂੰ ਕੀ ਹੈਂ ਮੇਰੀ

ਕਵਿਤਾ...!
ਤੂੰ ਮੇਰੀ ਬੇਟੀ ਹੈਂ ?

ਮੇਰੇ ਭਾਵਾਂ ਨਾਲ ਮਚਲਦੀ
ਤੁਰਦੀ ਮੇਰੇ ਸਾਹਾਂ ਦੇ
ਗਲਿਆਰਿਆਂ ਦੇ ਵਿਚ ਵਿਚਾਲੇ
ਲਿਪਟ ਲਿਪਟ ਜਾਂਦੀ
ਲਪੇਟ ਲੈਂਦੀ ਮੈਨੂੰ ਕਦੇ...

ਤੂੰ ਮੇਰੀ ਸਖੀ ਹੈਂ...?
ਮੇਰੀ ਇਕੱਲ ਦਾ ਹੱਥ ਫੜ
ਘੁਮਾ ਲਿਆਉਂਦੀ ਅੰਦਰੋਂ ਮੇਰਿਓਂ
ਛੂੰਹਦੀ ਜ਼ਖ਼ਮਾਂ ਨੂੰ
ਤੇ ਪਲੋਸਦੀ ਪੀੜਾਂ ਚੁਣ ਚੁਣ
ਸਹਿਲਾਉਂਦੀ ਮੈਨੂੰ...

ਤੂੰ ਮੇਰੀ ਮਾਂ ਹੈਂ...?
ਜੋੜਦੀ ਮੇਰੇ ਸਾਹਾਂ ਦੀਆਂ
ਟੁੱਟਦੀਆਂ ਤੰਦਾਂ
ਫਿਰਦੀ ਮੇਰੇ ਪਿੱਛੇ
ਖੰਡਰਾਂ ਬੀਆਬਾਨਾਂ ਵਿਚ
ਭਟਕਦੀਆਂ ਸੋਚਾਂ ਮੇਰੀਆਂ ਨੂੰ
ਸ਼ਬਦਾਂ ਦੇ ਕਲਾਵੇ ਵਿਚ ਸਮੇਟ
ਲਾ ਲੈਂਦੀ ਗਲ ਨਾਲ

ਤੂੰ ਮੇਰਾ ਪਿਤਾ ਹੈਂ...?
ਜੀਣ ਦੀਆਂ ਤਿੱਖੜ ਧੁੱਪਾਂ

ਥਲਾਂ ਦੀਆਂ ਕੰਡਿਆਲੀਆਂ ਚੁੱਪਾਂ
ਗ਼ਮਾਂ ਦੇ ਸ਼ੂਕਦੇ ਹੜਾਂ
ਤੇ ਧੂ ਲਿਜਾਣ ਆਏ ਤੂਫ਼ਾਨਾਂ 'ਚੋਂ
ਹੱਥ ਫੜਾ
ਬਚਾ ਕੇ ਲੈ ਤੁਰੇਂ ਸਦਾ

ਤੂੰ ਮੇਰਾ ਮਹਿਬੂਬ ਹੈਂ...?
ਸਦੀਆਂ ਤਰਸਾਉਣਾ ਮਿਲਣ ਲਈ
ਤੇ ਅਚਾਨਕ ਆ
ਸਾਹਮਣੇ ਬਿਠਾਉਣਾ
ਭੁਲਾ ਦੇਣੇ ਸ਼ਿਕਵੇ ਸਾਰੇ...

ਤੂੰ, ਮੈਂ ਹੀ ਤਾਂ ਨਹੀਂ ਕਿਤੇ...?
ਮੇਰੀ ਦੋਫਾੜਤਾ ਦਾ ਫਾੜ
ਗੁਆਚ ਜਾਵੇਂ ਅੰਦਰ
ਮੇਰੀਆਂ ਹੀ ਕੰਦਰਾਂ ਵਿਚ ਕਿਤੇ
ਤੇ ਲੱਭਦੀ ਫਿਰਾਂ ਮੈਂ
ਜੰਗਲ ਬੇਲੇ
ਆਪਣੀ ਹੀ ਮਹਿਕ ਨੂੰ...!

ਤੇਰਾ ਹੋਣਾ...!
ਮੇਰਾ ਹੋਣਾ...!
ਅਹਿਸਾਸ ਭਰ ਜੀਣਾ ਬਸ...!

ਕਵਿਤਾ !
ਤੂੰ ਕੀ ਹੈਂ ਮੇਰੀ...?

•

## ਪਿਆਰ-1


ਜ਼ਿੰਦਗੀ ਦੇ ਪਹਿਲੇ ਸਾਹ ਵਿਚ ਲਿਪਟ ਕੇ
ਮੇਰੇ ਅੰਦਰ ਲੰਘ ਆਇਆ, ਪਿਆਰ ਤੂੰ...
ਛਿਣ ਛਿਣ ਖੁੱਲ੍ਹਦਾ, ਖਿਲਰਦਾ...
ਰਚ ਗਿਆ ਮੇਰੀ ਮਿੱਟੀ ਵਿਚ
ਤੇ ਆਸ ਪਾਸ ਫੈਲੀ
ਰੁਮਕਦੀ ਲਹਿਰਦੀ
ਦੂਰ ਤਕ ਪਸਰੀ ਪੌਣ ਵਿਚ

ਆਪਣੇ ਸਨ ਵਰਤਾਰੇ ਤੇਰੇ
ਆਇਆ ਵੀ ਤੂੰ, ਆਪਣੇ ਹੀ ਮਨਪਸੰਦ
ਰੂਪਾਂ ਰੰਗਾਂ ਤੇ ਸਮਿਆਂ ਵਿਚ
ਪਰ ਸ਼ੁਕਰੀਆ ਤੇਰਾ...ਕਿ
ਨਹੀਂ ਚੁੱਕਿਆ ਆਪਣਾ ਆਲ੍ਹਣਾ ਤੂੰ
ਮੇਰੀ ਜ਼ਿੰਦਗੀ ਦੀ ਪੱਤਝੜ ਦੇ
ਸੰਨ-ਮਸੁੰਨ ਦਿਨੀਂ ਵੀ
ਪੱਤ-ਹੀਣ ਟਾਹਣੀਆਂ ਦੀ ਵਿਰਲ ਵਿਚਲੇ
ਠੱਕੇ ਤੇ ਝੱਖੜ ਸਹਿੰਦਿਆਂ ਹੋਇਆਂ ਵੀ
ਦੇਂਦਾ ਰਿਹਾ ਹੌਸਲਾ ਉਦਾਸੀ ਨੂੰ
ਸੁਪਨੇ ਦੇਂਦਾ ਰਿਹਾ ਚਿਤਵਨ ਨੂੰ
ਤੇ ਜਾਗਣ ਦਾ ਚਾਅ
ਮੂਰਛਿਤ ਕਰੂੰਬਲਾਂ ਨੂੰ...

ਉਕਸਾ ਕੇ ਉਡਾਰੀਆਂ ਦੇ ਪਸਤ ਹੌਂਸਲੇ ਨੂੰ
ਖੰਭਾਂ ਨੂੰ ਦੇਂਦਾ ਰਿਹਾ ਤਾਲ
ਤੇ ਜੋੜਦਾ ਰਿਹਾ ਨਿੱਤ ਨਵੇਂ ਤੀਲ੍ਹੇ ਆਪਣੇ ਆਲ੍ਹਣੇ ਵਿਚ
ਕੋਈ ਬਾਲ, ਰਿਸ਼ਤਾ, ਦੋਸਤੀ, ਫੁੱਲ, ਬਿਰਖ਼
ਖ਼ਿਆਲ, ਕਵਿਤਾ, ਅਹਿਸਾਸ

ਜਾਂ ਇੰਜ ਦਾ ਕੁਝ ਹੋਰ ਬਣ ਕੇ
ਕਿ ਕਾਇਮ ਰਹੇ ਜ਼ਿੰਦਗੀ ਲਈ
ਮੋਹ ਵਿਚ ਵਿਸ਼ਵਾਸ ਦਾ ਸੰਬਲ
ਤੇ ਜ਼ਿੰਦਗੀ ਬਣੀ ਰਹੇ
ਜ਼ਿੰਦਗੀ ਹੀ
ਤੇ ਇਸ ਵਾਸਤੇ...ਪਿਆਰ ਤੇਰਾ ਸ਼ੁਕਰੀਆ

•



## ਪਿਆਰ-2

ਪਿਆਰ...!
ਤੂੰ ਸਿਰਜਦਾ ਰਿਹਾ
ਚਾਨਣ ਵੱਲ ਤੁਰਦੀਆਂ ਪਗਡੰਡੀਆਂ
ਮੇਰੀ ਸੋਚ ਦੇ ਜੰਗਲ ਦੀਆਂ ਉਲਝਣਾਂ
ਤੇ ਇਨ੍ਹਾਂ ਦੀ ਸੰਘਣਤਾ ਵਿਚ
ਵਿਚਰਦਾ ਰਿਹਾ ਧੁੱਪ ਦੇ ਟੋਟੇ ਬਣ
ਜੀਣ ਦੀ ਵਾਦੀ ਵਿਚਲੀ
ਲਗਾਤਾਰ ਕਿਰਦੀ, ਪਰੇਸ਼ਾਨੀਆਂ ਦੀ ਯੱਖ 'ਤੇ

ਪੁੰਗਰਦਾ ਰਿਹਾ ਸਾਵੇ ਘਾਹ ਵਾਂਗ ਇੰਜ
ਕਿ ਫੁੱਟ ਪੈਂਦਾ ਰਿਹਾ ਤੂੰ ਮੇਰੇ ਮਨ ਵਿਚੋਂ
ਪਲੋ-ਪਲੀ ਤੇ ਸਹਿਜ ਸੁਭਾਅ
ਕਿਸੇ ਵੀ ਰਿਸ਼ਤੇ, ਅਜਨਬੀ, ਸਫ਼ਰ ਦੇ ਸਾਥੀ
ਫੁੱਲ, ਬਿਰਖ, ਪੱਤੇ, ਖੰਭ, ਗੀਟੇ
ਤੇ ਮੌਸਮਾਂ ਤਕ ਵਾਸਤੇ
ਤੇ ਬਿਨਾਂ ਸ਼ੱਕ ਆਪਣੇ ਵਾਸਤੇ ਵੀ

ਇੰਜ ਮੇਰੇ ਬਹੁਤ ਸਾਰੇ ਪਿਆਰ
ਮੇਰੇ ਆਪਣੇ ਨਾਲ ਪਿਆਰ ਵਿਚ ਪਰੁੱਚੇ, ਬੱਝੇ
ਜੋੜਦੇ ਰਹੇ ਮੇਰੀ ਹੋਂਦ ਨੂੰ
ਉਸਰਦੀ ਰਹੀ
ਉਸੇ ਮਿੱਟੀ ਨਾਲ
ਇਹ...ਜੋ ਮੈਂ ਹਾਂ...!

•

## ਪਿਆਰ-3

ਬਹੁਤ ਸਾਰੇ ਪਿਆਰ ਮੇਰੇ
ਪਰੁੱਚੇ ਸਨ ਇਕੋ ਲੜੀ ਵਿਚ
ਤੇ ਇਸ ਵਿਚੋਂ ਸਨ ਉਪਜਦੇ
ਮੋਹ, ਕੂਲੇਪਣ ਤੇ ਖਣਕ ਦੇ ਨਾਲ
ਕੁਝ ਹੌਕੇ, ਬੇਗ਼ਾਨਗੀ
ਤੇ ਖੁਰਦਰੇਪਨ ਦੀ ਰੜਕ

ਉਹ ਦੇਂਦੇ ਰਹੇ ਮੈਨੂੰ
ਚੋਭਾਂ ਦਰਦ, ਅੱਥਰੂ ਤੇ ਕਈ ਕੁਝ ਹੋਰ ਅਜਿਹਾ
ਜੋ ਮੇਰੇ ਵਜੂਦ ਵਿਚ ਰਚਦਾ
ਤੋੜਦਾ ਖਲਾਰਦਾ
ਤੇ ਮੁੜ ਜੋੜਦਾ ਰਿਹਾ ਮੈਨੂੰ
ਸਾਵਾ ਘਾਹ ਬਣ ਕੇ ਤੂੰ ਹੀ

ਉਸੇ ਮੋਹ ਦੀ ਤਾਸੀਰ ਬੱਝੀ
ਸਿਖਦੀ, ਮੁੜ ਮੁੜ ਜੁੜਨ ਦਾ ਵੱਲ
ਉਸਾਰਦੀ, ਨਵਿਆਉਂਦੀ ਰਹੀ ਖ਼ੁਦ ਨੂੰ ਮੈਂ

ਤੇ ਮੇਰੇ ਸਾਰੇ ਮੰਡਲ ਵਿਚ ਫੈਲਿਆ, ਪਸਰਿਆ
ਤਸੱਲੀ ਦੇਂਦਾ ਰਿਹਾ ਮੇਰੀ ਹੋਂਦ ਨੂੰ ਤੂੰ
ਮੇਰੇ ਮਨੁੱਖ ਹੋ ਕੇ ਜੀਂਦੇ ਹੋਣ ਦੀ

...ਪਿਆਰ...ਤੇਰਾ ਸ਼ੁਕਰੀਆ

•

## ਮੇਰਾ ਆਪਣਾ

ਮੇਰੇ ਦੁੱਖ...!
ਕਿੰਨਾ ਨੇੜੇ ਹੈਂ ਮੇਰੇ ਤੂੰ
ਮੇਰੇ ਕਣ ਕਣ ਵਿਚ ਸੀਪਿਆ ਵੱਸਿਆ
ਆਪਣੀ ਸਮੁੱਚੀ ਜ਼ੋਰਾਵਰੀ ਸਮੇਤ
ਜਿਵੇਂ ਰਿਸ, ਧਸ ਜਾਂਦਾ ਪਾਣੀ
ਮੋਟੀਆਂ ਮਜ਼ਬੂਤ ਕੰਧਾਂ ਵਿਚ ਵੀ

ਫੈਲ ਜਾਂਦਾ ਸਿਲ੍ਹ ਬਣ ਕੇ ਜਿਵੇਂ
ਚੁਫ਼ੇਰੇ ਦੀ ਹਵਾ ਵਿਚ
ਸਾਹਾਂ ਵਿਚ ਰਚਣ ਵਾਸਤੇ
ਵਹਿ ਜਾਂਦਾ ਮੇਰੇ ਵਜੂਦ ਦੀਆਂ
ਮਹੀਨ ਤੰਦਾਂ ਦੇ ਵਿਚ ਵਿਚਾਲੇ
ਭਿਉਂ ਦੇਂਦਾ ਮੀਂਹ ਵਾਂਗ ਵੱਸ ਕੇ
ਕਦੇ ਸਮੁੰਦਰ ਵਾਂਗ ਪੱਸਰ ਕੇ
ਤੇ ਤੇਰੇ ਅੰਦਰ
ਕਿਸੇ ਮਛਲੀ ਵਾਂਗ ਮੈਂ...

ਕਿੰਨਾ ਆਪਣਾ ਹੈਂ ਤੂੰ...!
ਬਹਾਨੇ ਨਹੀਂ ਲੱਭਦਾ
ਰਿਸ਼ਤਿਆਂ ਵਾਂਗ
ਮੈਥੋਂ ਦੂਰ ਜਾਣ ਦੇ
ਅਪਣਾਉਂਦਾ ਮੈਨੂੰ ਹਰ ਪਲ
ਮੇਰੀਆਂ ਚੰਗਿਆਈਆਂ
ਤੇ ਬੁਰਿਆਈਆਂ ਦੇ
ਪੂਰੇ ਸਮੁੱਚ ਸਮੇਤ
ਭਰਪੂਰ ਰੱਖਦਾ ਸਦਾ
ਆਪਣੀ ਹੋਂਦ ਦੇ ਅਹਿਸਾਸ ਨਾਲ

ਤੂੰ ਮੇਰੀ ਹੋਂਦ ਦੀ ਹਾਣੀ ਮਿੱਟੀ
ਜਾਣਦੀ, ਸਾਰੇ ਰਾਹ ਰਸਤੇ ਮੇਰੇ
ਸੁਰੰਗਾਂ, ਪੱਥਰ ਤੇ ਪਰਬਤ
ਤੇ ਭਖਦੀ ਅਗਨ ਦੇ ਵਹਿੰਦੇ ਝਰਨੇ

ਜਿਨ੍ਹਾਂ ਵਿਚ ਮੇਰੀਆਂ
ਖ਼ੁਦ ਨੂੰ ਭਿਉਂਦੀਆਂ ਛੱਲਾਂ
ਮਨ ਦੀਆਂ ਗੱਲਾਂ
ਤੇ ਡੁਲ੍ਹਦੇ ਅੱਥਰੂਆਂ ਵਿਚ ਘੁਲਿਆ ਤੂੰ

ਧੋਂਦਾ, ਮਾਂਜਦਾ ਨਿੱਤ ਮੈਨੂੰ
ਉਸਾਰਦਾ, ਨਵਾਂ ਹੁੰਮਸ ਨਿੱਤ
ਮੇਰੇ ਸਾਹਾਂ ਦੀ ਹਵਾ ਵਾਸਤੇ
ਤਨ ਮਨ ਰੱਖਣ ਲਈ ਭਰਪੂਰ

ਕੌਣ ਹੈ, ਏਨਾ ਨੇੜੇ...!
ਏਨਾ ਆਪਣਾ...!
ਦਮ ਨਾਲ ਦਮ ਨਿਭਾਉਂਦਾ
ਕੈਦ ਰੱਖਦਾ ਆਪਣੇ ਭੋਰੇ ਵਿਚ
ਲੈ ਤੁਰਦਾ ਜਿਧਰ ਚਾਹੇ
ਤੁਰਦਾ ਪਲ ਪਲ ਨਾਲ...

ਸਮਰਪਿਤ ਸਾਥ ਦੀ
ਕੋਈ ਪਰਿਭਾਸ਼ਾ ਹੁੰਦੀ ਹੈ ਜੇ
ਤਾਂ ਢੂੰਹਦਾ ਏ ਉਸ ਨੂੰ
ਕੇਵਲ ਤੂੰ
ਮੇਰੇ ਦੁੱਖ...

-2-
ਸਿੱਖਣਾ ਜੇ ਇਸ਼ਕ ਕਿਸੇ ਨੇ
ਤਾਂ ਸਿੱਖੇ ਤੇਰੇ ਕੋਲੋਂ ਮੇਰੇ ਦੁੱਖ
ਕੀ ਕੁਝ ਨਹੀਂ ਕਰਦਾ ਤੂੰ
ਕੱਚੇ ਘੜਿਆਂ 'ਤੇ ਤਾਰਦਾ
ਭਟਕਾਉਂਦਾ ਥਲਾਂ ਵਿਚ
ਲੱਭਦਾ ਏਂ ਸਦਾ ਉਹ ਕੋਨੇ ਕੰਦਰਾਂ
ਜਿਨ੍ਹਾਂ ਰਾਹੀਂ ਮਿਲ ਸਕੇਂ ਕਿਸੇ ਨੂੰ
ਢੂੰਡਦਾ ਝੀਤਾਂ ਰਿਸ਼ਤਿਆਂ ਦੀਆਂ
ਲੱਭਦਾ ਤ੍ਰੇੜਾਂ ਭਾਵਨਾਵਾਂ ਦੀਆਂ
ਕਿੰਨਾ ਸਮਰਪਿਤ ਦੋਸਤ...ਹੈ ਤੂੰ

-3-
ਸਮਰਪਿਤ ਹੈਂ ਤੂੰ ਮੇਰੇ ਦੁੱਖ
ਇਕ ਮਹਿਬੂਬ ਦੀ ਤਰ੍ਹਾਂ
ਤੇ ਮੈਂ ਚਿਤਵਦੀ ਹਾਂ
ਸੁੱਖ ਦੇ ਕਲਪਿਤ ਮਹਿਬੂਬ ਨੂੰ
ਪਲ ਦੋ ਪਲ ਦੇ ਭੁਲਾਵੇ
ਜਾਂ ਛਲਾਵੇ ਨੂੰ
ਸੁਪਨਿਆਂ ਵਿਚ ਤੇ ਹਕੀਕਤ ਵਿਚ ਵੀ

ਪਰ ਨਰਾਜ਼ ਨਹੀਂ ਹੁੰਦਾ ਤੂੰ
ਖੜ੍ਹਾ ਰਹਿੰਦਾ
ਕਿਸੇ ਖ਼ੁਸ਼ ਪਲ ਦੇ ਓਹਲੇ ਵੀ
ਤੇ ਆ ਰਚਦਾ
ਮੇਰੇ ਸਾਹਾਂ ਵਿਚ ਦੂਜੇ ਪਲ

ਪੂਰੇ ਮੋਹ ਮਾਣ ਨਾਲ
ਕਿਸੇ ਜ਼ਿੱਦੀ ਪਿਆਰੇ ਵਾਂਗ

-4-
ਮੇਰੇ ਦੁੱਖ !
ਬਲਿਹਾਰੇ ਹਾਂ ਤੇਰੇ
ਤੇਰੇ ਮੇਰੇ ਨਾਲ ਹੋਣ ਕਰਕੇ

ਜਦ ਛੱਡ ਜਾਂਦੇ ਨੇ ਮੈਨੂੰ
ਜਿੰਦ ਜਾਨ ਨਾਲ ਪਾਲੇ ਰਿਸ਼ਤੇ
ਮੋਹ ਵਿਚ ਭਿੱਜੇ ਪਲ
ਮੌਸਮੀ ਹਵਾਵਾਂ ਦੇ ਬੁੱਲਿਆਂ ਵਾਂਗ
ਇਕੱਲ ਵਿਚ ਡੁੱਬਣ ਲੱਗਦੀ ਹਾਂ ਮੈਂ
ਸਿਰ ਤੋਂ ਉੱਪਰ ਤਕ
ਮੇਰੇ ਨਾਲ ਹੁੰਦਾ ਹੈਂ...ਤਦ ਵੀ ਤੂੰ

ਛੱਡ ਜਾਣ ਜਦ
ਅਪਣੱਤ ਦੀਆਂ ਤੰਦਾਂ ਵਿਚ
ਬੱਝੀਆਂ ਦੋਸਤੀਆਂ
ਤੇ ਨਿਖੜਣ ਲੱਗਦੀ ਹਾਂ
ਖ਼ੁਦ ਨਾਲੋਂ ਹੀ ਮੈਂ
ਵਿਚ ਵਿਚਾਲੇ ਖੜ੍ਹਾ ਸੰਭਾਲਦਾ
ਨਾਲ ਹੀ ਹੁੰਦਾ ਹੈਂ ਤੂੰ...

ਮੇਰੇ ਸੁਪਨਿਆਂ ਵਿਚ ਵੀ
ਸ਼ਾਮਲ ਹੁੰਦਾ ਹੈਂ ਤੂੰ
ਉਨ੍ਹਾਂ ਦੀਆਂ ਪਲਕਾਂ ਦੀ ਝਾਲਰ ਵਾਂਗ

ਪਰਛਾਵੇਂ ਵਾਂਗ ਸਾਥ ਦੇਂਦਾ
ਮੇਰੀਆਂ ਆਸਾਂ ਉਮੀਦਾਂ ਦੇ
ਪਰਛਾਵੇਂ ਓਹਲੇ ਲੁਕਿਆ

ਤੂੰ ਹੰਝੂਆਂ ਦੀ ਮਦਦ ਕਰਦਾ
ਮੇਰੀ ਆਪਣੀ ਹੀ ਨਜ਼ਰ ਦੀ
ਧੁੰਦ ਵਿਚ ਘੋਲ ਕੇ ਮੈਨੂੰ
ਲੰਘਾ ਦੇਂਦਾ ਏ ਵਕਤ ਮੇਰਾ...ਤੂੰ
ਤੇ ਮੈਂ ਸਦਾ ਹੀ ਛੁਡਾਉਂਦੀ ਪੱਲੇ ਤੈਥੋਂ

ਤੂੰ ਆ...
ਮੇਰੇ ਸੀਨੇ ਮੇਰੇ ਵਜੂਦ ਵਿਚ
ਵੱਸਿਆ ਰਹਿ
ਆਪਣਿਆਂ ਤੋਂ ਵੀ ਆਪਣੇ...!
ਕੋਈ ਤਾਂ ਹੁੰਦਾ ਏ ਕੋਲ
ਜਦ ਹੋਰ ਕੋਈ ਵੀ ਨਹੀਂ ਹੁੰਦਾ !
•

## ਯਾਦਾਂ-1

ਅਕਸਰ ਘਿਰ ਜਾਂਦੀ ਹਾਂ
ਆਪਣੀ ਇਕੱਲ ਸਮੇਤ
ਯਾਦਾਂ ਦੀ ਸੰਘਣੀ ਭੀੜ ਵਿਚ
ਚੁਫ਼ੇਰੇ ਇਕੱਠੀਆਂ ਹੋ ਕੇ ਉਹ
ਛੂੰਹਦੀਆਂ, ਛੇੜਦੀਆਂ ਨਿੱਤ
ਮੇਰੇ ਕਣ ਕਣ, ਲੂੰ-ਲੂੰ
ਧਰਤੀ, ਅੰਬਰ, ਹਵਾ ਤੱਕ ਨੂੰ
ਖ਼ਬਰੇ ਕਿਹੜੇ ਮੰਡਲਾਂ 'ਚੋਂ ਆ ਕੇ...

ਰੁਕੀਆਂ ਰਹਿੰਦੀਆਂ
ਪਲਾਂ ਦੇ ਦੇਵਦਾਰਾਂ ਦੀਆਂ
ਪੱਤੀਆਂ ਵਿਚ ਅਟਕ ਗਏ
ਬਾਰਿਸ਼ ਦੇ ਕਤਰਿਆਂ ਵਾਂਗ
ਤੇ ਆਪਣੇ ਵਿਚੋਂ ਲੰਘਦੇ
ਚਾਨਣ ਵਿਚੋਂ ਕਈ ਰੂਪ ਧਾਰਦੀਆਂ

ਕੋਈ ਅੰਬਾਕੜੀ ਜਿਹਾ ਪਲ ਫ਼ਟਦਾ
ਤੇ ਖਲ੍ਹਾਰ ਦੇਂਦਾ ਅੱਕ ਫੰਭੜੀਆਂ
ਮੇਰੇ ਵਜੂਦ ਦੀਆਂ ਵਾਦੀਆਂ ਵਿਚਲੇ
ਪਰਬਤਾਂ, ਘਾਟੀਆਂ ਤੇ ਮੈਦਾਨਾਂ ਵਿਚ ਇਵੇਂ
ਕਿ ਉਹ ਅੱਕ ਫੰਭੜੀਆਂ ਅੱਖ ਝਮੱਕੇ ਵਿਚ
ਆਪਣੇ ਜੰਗਲ ਉਗਾ ਲੈਂਦੀਆਂ
ਤੇ ਸਦੀਆਂ ਵਰਗੇ ਪਲਾਂ ਵਿਚ
ਮੈਂ ਜੰਗਲ ਜੰਗਲ ਭਟਕਦੀ

ਕੋਈ ਯਾਦ ਲੰਬੀ ਉਡੀਕ ਨਾਲ ਥੱਕੀ
ਅੱਕੀ ਹੋਈ ਆਉਂਦੀ

ਤੇ ਉਥੱਲ ਦੇਂਦੀ ਸਾਰੀ ਮਿੱਟੀ ਮੇਰੀ
ਕਦੇ ਮੋਹਲੇਧਾਰ ਵੱਸਦੀ ਕੋਈ ਯਾਦ
ਤੇ ਮੇਰੀ ਮਿੱਟੀ ਵਿਚ ਸੁੱਤੇ
ਜੰਗਲੀ ਬਨਾਸਪਤੀ ਦੇ ਬੀਜ ਪੁੰਗਰਾ ਜਾਂਦੀ
ਜਾਂ ਰੁਕੀ ਰਹਿੰਦੀ ਮਨ ਦੇ ਅੰਬਰ 'ਤੇ
ਜ਼ਿੱਦੀ ਬੱਦਲ ਬਣ ਕੇ
ਉਕਸਾਉਂਦੀ ਬਾਰ-ਬਾਰ
ਉਸੇ ਨਾਲ ਗੱਲਾਂ ਕਰਦੇ ਰਹਿਣ ਵਾਸਤੇ

ਕੋਈ ਕੋਈ ਯਾਦ, ਧੁੱਪ ਬਣ ਕੇ
ਰਿਸਦੀ ਮੇਰੀਆਂ ਪਰਤਾਂ ਵਿਚ
ਕਿ ਹਨੇਰੇ ਲੁਕ ਜਾਣ
ਤੇ ਕਦੇ ਖ਼ੁਦ ਹੀ ਕੂਲਾ ਜਿਹਾ ਹਨੇਰਾ ਬਣ
ਲਪੇਟ ਜਾਂਦੀ ਮੈਨੂੰ ਫਿਰ
ਆਪਣੀ ਸਿਆਹੀ ਦੀ ਗਹਿਰ ਵਿਚ
ਤੇ ਕਦੇ ਇਸੇ ਹਨੇਰ ਵਿਚੋਂ ਖ਼ੁਦ
ਬਿਜਲੀ ਬਣ ਕੇ ਲਿਸ਼ਕ ਪੈਂਦੀ

ਕੁਝ ਯਾਦਾਂ ਬਹੁਤ ਮਿੱਠੀਆਂ
ਸੁਗੰਧਤ ਸਮੀਰ ਵਾਂਗ ਪੱਸਰਨ
ਮੁਸਕਾਨ ਬਣ ਕੇ ਮਹਿਕਣ
ਤੇ ਕਦੇ ਛੱਡ ਜਾਂਦੀਆਂ ਉਹ ਵੀ
ਆਪਣੇ ਅੰਦਰ ਦੀ ਹਨੇਰੀ ਦੇ ਰੱਸੇ ਖੋਲ੍ਹ ਕੇ
ਮੇਰੇ ਅੰਦਰ ਮਨਚਾਹਿਆ ਖਰੂਦ ਕਰਨ ਵਾਸਤੇ

ਕਦੇ ਕਦੇ ਕੋਈ ਯਾਦ
ਮੇਰੀ ਸਖੀ ਵਾਂਗ ਆਉਂਦੀ

ਕੋਲ ਬਿਠਾਉਂਦੀ ਸੋਚ ਦਾ ਹੱਥ ਫੜ
ਜ਼ਖ਼ਮਾਂ ਨੂੰ ਲਪੇਟਦੀ
ਰੱਖ ਦੇਂਦੀ ਲਾਂਭੇ
ਤੇ ਆਪਣੇ ਆਪ ਕੋਲ ਛੱਡ ਜਾਂਦੀ ਮੈਨੂੰ

•



## ਯਾਦਾਂ-2

ਕੀ ਹਨ ਇਹ ਯਾਦਾਂ !

ਗੁਜ਼ਰੇ ਪਲਾਂ ਦੀਆਂ ਰੂਹਾਂ
ਜੋ ਮਨ ਦੇ ਅੰਦਰ
ਪ੍ਰੇਤ ਵਾਂਗ ਮੰਡਰਾਉਂਦੀਆਂ
ਬੋਚ ਲੈਂਦੀਆਂ ਬਿਰਤੀ ਤੇ ਸੋਚ ਨੂੰ

ਜਾਂ ਖ਼ੁਦ ਸੰਭਾਲਦੇ ਹਾਂ
ਚੇਤਿਆਂ ਦੇ ਸੰਦੂਕਾਂ ਪਟਾਰੀਆਂ ਵਿਚ
ਖਿਸਕ ਆਉਂਦੀਆਂ ਇਹ ਝੀਤਾਂ ਰਾਹੀਂ ਫਿਰ
ਤੇ ਵਲ ਲੈਂਦੀਆਂ ਗਾਹੇ-ਬਗਾਹੇ
ਕਈ ਰੂਪਾਂ, ਰੰਗਾਂ, ਆਵਾਜ਼ਾਂ
ਤੇ ਡਾਢੇ ਜਿਹੇ ਸਾਜ਼ਾਂ ਨਾਲ

ਲੈ ਜਾਂਦੀਆਂ ਖਿੱਚ ਕੇ
ਹੋਈ ਦੁਨੀਆ ਦੇ ਅਣਹੋਏ ਹਿੱਸਿਆਂ ਵੱਲ

ਸੁਪਨਿਆਂ ਦੇ ਜਾਦੂਈ
ਗਲੀਚਿਆਂ 'ਤੇ ਬਿਠਾ ਲੈ ਤੁਰਦੀਆਂ
ਜਾਣੇ ਅਣਜਾਣੇ ਦੇਸ਼ ਨਗਰ
ਮੁੜਨ ਨਾ ਦੇਂਦੀਆਂ
ਆਪਣੇ ਅਦਿੱਖ ਵਲੇਵਿਆਂ 'ਚੋਂ
ਬੁਲਾਇਆਂ ਆਉਂਦੀਆਂ ਨਾ ਰੋਕਿਆਂ ਰੁਕਦੀਆਂ

ਇਹ ਰੂਪ ਬਦਲਦੀਆਂ ਛਲੇਡੀਆਂ
•

## ਯਾਦਾਂ-3

ਕੀ ਹਨ ਯਾਦਾਂ !

ਵਰਤਮਾਨ ਉੱਤੇ ਭੂਤ ਦਾ ਸਾਇਆ
ਦਰਦ, ਆਨੰਦ, ਦਵੰਧ ਦੇ
ਜਕੜਬੰਦ ਨਾਲ ਲੈਸ
ਨੀਂਦ ਨੂੰ ਸੂਲਾਂ ਦੀ ਸੇਜ 'ਤੇ ਬੰਨ੍ਹ
ਜਾਗ ਨੂੰ ਲਪੇਟ ਕੇ
ਹੋਸ਼ ਨੂੰ ਅਗਵਾ ਕਰ
ਲੈ ਜਾਣਾ ਸਮੇਂ ਦੀ ਵਲਗਣ ਤੋਂ ਬਾਹਰ

ਸਰਾਪ ਨੇ ਇਹ...?
ਜਾਂ ਵਰਦਾਨ
ਮੰਥਨ ਮੰਡਲ ਤੇ
ਪਸਰਦਾ ਸੁਆਲ ਅਕਸਰ...!


ਕੀ ਕਰਦੇ ਵਿਹਲੇ ਪਲ...ਪਰ
ਜੇ ਯਾਦਾਂ ਨਾ ਹੁੰਦੀਆਂ
ਹਕੀਕਤ ਦੀ ਪਥਰੀਲੀ ਧਰਤ 'ਤੇ
ਆਪਣੀ ਹੋਂਦ ਨਾਲ
ਗੁੱਥਮਗੁੱਥਾ ਹੁੰਦੇ ਰਹਿੰਦੇ
ਨਾ ਹੁੰਦੀ ਕੋਈ ਇਬਾਰਤ ਜਾਂ ਸੰਕਲਪ
ਭੂਤ, ਵਰਤਮਾਨ ਤੇ ਭਵਿੱਖ ਦਾ

ਇਹ ਯਾਦਾਂ ਹੀ ਤਾਂ ਹਨ
ਜੋ ਅਦਿੱਖ ਪਰ ਅਸਲੀ ਮਹਿਕ ਵਾਲੇ
ਫੁੱਲ ਖਿੜਾ ਜਾਂਦੀਆਂ
ਇਹ ਗੁਟਕਦੇ ਲਹਿਰਦੇ, ਬੱਦਲ ਬਣ

ਅਣਹੋਂਦ 'ਚੋਂ ਉੱਭਰ ਕੇ
ਹੋਂਦ ਤੇ ਵੱਸਦੀਆਂ
ਤੇ ਚੇਤਿਆਂ ਦੀ ਕੁਠਾਲੀ 'ਚੋਂ
ਪਲਾਂ ਨੂੰ ਪੀਸ ਕੇ
ਕਦੇ ਦਰਦ ਕਦੇ
ਅਬੀਰ ਗੁਲਾਲ ਦੀ ਮਹਿਕ ਪਸਾਰਦੀਆਂ

ਅਦਿੱਖ ਅੰਬਰਾਂ ਵਿਚ
ਸੱਚਮੁੱਚ ਦੇ ਰੰਗਲੇ ਪੰਖੇਰੂ ਹਨ
ਇਹ ਯਾਦਾਂ...

•



## ਘਰ ਦਾ ਸੌਦਾ

ਬੜੀ ਗੁੰਮ ਸੁੰਮ ਫਿਰ ਰਹੀ ਸੀ ਹਵਾ
ਸ਼ਾਇਦ ਘਰ ਨੂੰ ਲੱਗ ਗਈ ਸੀ
ਆਉਣ ਵਾਲੀਆਂ ਘਟਨਾਵਾਂ ਦੀ ਸੋਅ

ਉਦਾਸੀ ਦੇ ਟਿੱਲੇ ਹੇਠ ਦੱਬਿਆ
ਇਕੱਲ ਦੀ ਹੁੰਮਸ ਕੋਠੜੀ ਵਿਚ
ਉਹ ਤਾਂ ਪਹਿਲਾਂ ਹੀ ਭੁਰ ਰਿਹਾ ਸੀ...

ਏਧਰ ਵੀ ਮੁਸ਼ਕਿਲ ਸੀ ਸਭ ਲਈ
ਸ਼ਹਿਰ ਦੀ ਜਾਲੀਦਾਰ ਜ਼ਿੰਦਗੀ ’ਚੋਂ
ਪਿੰਡ ਦੀ ਧੂੜ ਧੂੰਏਂ ਦੀ ਖੁੱਲ੍ਹ ਵਿਚ ਜਾਣਾ

ਘਰ ਦਾ ਸੌਦਾ ਹੋ ਗਿਆ...

ਵੱਡੇ ਨਵਾਰੀ ਪਲੰਘ ਚੁੱਕ ਲਏ ਗਏ
ਜਿਨ੍ਹਾਂ ਦੀ ਗੋਦੀ ਵਿਚ
ਤਿੰਨਾਂ ਪੀੜ੍ਹੀਆਂ ਦੀਆਂ ਰਾਤਾਂ ਨੇ
ਆਪਣੇ ਸੁਪਨੀਂਦੇ ਸਾਂਵਲੇਪਣ ਨੂੰ ਮਾਣਿਆ

ਪਿੱਤਲ ਦੇ ਕੋਕਿਆਂ ਵਾਲਾ ਸੰਦੂਕ
ਜਿਸ ਨੂੰ ਘਰ ਦੀ ਵਡੇਰੀ
ਮੋਹ, ਮਾਣ ਤੇ ਜਿੰਦ ਨਾਲ ਸਾਂਭਦੀ
ਤੇ ਜਿਸ ਦਾ ਜਿੰਦਰਾ ਕੁੰਜੀ
ਸਾਰਿਆਂ ਲਈ ਭੇਦ ਬਣਿਆ ਰਹਿੰਦਾ
ਉਹ ਕਿਸੇ ਹੋਰ ਘਰ ਵਿਚ
ਉਹੋ ਕੁਝ ਕਰਨ ਕਰਾਉਣ ਲੱਗਾ

ਪਿੱਤਲ ਦੀਆਂ ਗਾਗਰਾਂ, ਦੇਗਬਰ
ਵਲਟੋਹੀਆਂ, ਗੜਵੇ, ਛੰਨੇ
ਤੇ ਥਾਲੀਆਂ ਵੰਡ ਲਏ ਗਏ

ਮਿੱਟੀ ਦਾ ਉਚਾਂਵਾ ਚੁੱਲਾ ਤੇ ਭੜੋਲੀ
ਜੋ ਘਰ ਵਾਲਿਆਂ ਦੀ ਰੋਟੀ ਟੁੱਕ ਖ਼ਾਤਰ
ਗੋਹਿਆਂ ਦੇ ਅੰਗਿਆਰਾਂ ਨਾਲ ਤਪਦੇ ਰਹੇ
ਹੋਰ ਨਿੱਕ ਸੁੱਕ ਦੇ ਨਾਲ
ਕਿਸੇ ਨਾ ਕਿਸੇ ਨੂੰ ਦੇ ਦਿੱਤੇ ਗਏ

ਪਰ...ਇਵੇਂ ਦੀਆਂ ਕੁਝ ਹੋਰ ਚੀਜ਼ਾਂ
ਕਿਸੇ ਦੇ ਵੀ ਕੰਮ ਦੀਆਂ ਨਹੀਂ ਸਨ
ਜਿਵੇਂ ਲੱਸੀ ਵਾਲੀ ਚਾਟੀ
ਮਿੱਟੀ ਦੀ ਹੀ ਦੁੱਧ ਦੀ ਕਾੜ੍ਹਨੀ ਤੇ ਤੌੜੀ

ਉਹ ਸਾਰੀਆਂ ਇਕ ਨੁੱਕਰੇ
ਕੰਧ ਨਾਲ ਢੋਅ ਲਾਈ ਖੜ੍ਹੀਆਂ
ਧੁਆਂਖੇ ਚਿਹਰਿਆਂ 'ਚੋਂ
ਉਦਾਸ...ਤੱਕਦੀਆਂ ਰਹੀਆਂ
ਘਰ ਦੀ ਸਲਤਨਤ ਬਦਲਦਿਆਂ

ਤੰਦ ਤੰਦ ਵਿਛੜਦੇ ਅਸੀਂ...ਅੰਤ
ਇਕ ਝਟਕੇ ਨਾਲ ਘਰ ਨਾਲੋਂ ਟੁੱਟ ਆਏ

ਦਹਾਕਿਆਂ ਪਿੱਛੋਂ
ਉਸ ਝਟਕੇ ਪਿੱਛੋਂ ਨਿਕਲ ਕੇ
ਪੂਰੇ ਦਾ ਪੂਰਾ ਘਰ
ਉਤਰ ਆਇਆ ਮਨ ਵਿਚ

ਹੁਣ ਕਦੇ ਚੌਂਕੇ ਵਿਚ ਭਾਂਡਾ ਡਿੱਗਦਾ ਸੁਣਦਾ
ਕਦੇ ਨਲਕੇ ਦੀ ਹੱਥੀ ਖੜਕਦੀ
ਤੇ ਕਦੇ ਭੜੋਲੀ 'ਚੋਂ ਰਿੱਝਦੀ ਦਾਲ ਦੀ
ਮਹਿਕ ਰਲਿਆ ਧੂੰਆਂ
ਸਾਰੇ ਮਨ ਵਿਚ ਭਰ ਕੇ ਕਹਿੰਦਾ—
ਹੁਣ ਸੌਦਾ ਕਰ ਕੇ ਵਿਖਾਓ...

•

## ਇਕੁਏਰੀਅਮ

-1-
ਖ਼ੂਬਸੂਰਤ ਹੈ ਇਕੁਏਰੀਅਮ
ਸੁਹਾਵਣੇ ਸੁਪਨੇ ਦੀ
ਚਿਤਵੀ ਤਾਬੀਰ ਜਿਹਾ

ਸ਼ੀਸ਼ੇ ਦਾ ਘਰ
ਸਾਫ਼ ਸ਼ਫ਼ਾਫ਼ ਪਾਣੀ
ਅੰਦਰ ਥਿਰਕਦੀਆਂ
ਕੈਟਵਾਕ ਕਰਦੀਆਂ
ਅਪਸਰਾਵਾਂ ਮਛਲੀਆਂ
ਰੰਗਲੀਆਂ ਪਾਰਦਰਸ਼ੀ
ਰੇਸ਼ਮੀ ਖੰਭੜੀਆਂ ਦੇ
ਸੁਹਣੇ ਲਿਬਾਸਾਂ ਦੀ
ਨੁਮਾਇਸ਼ ਕਰਦੀਆਂ
ਹੁਸੀਨ ਮਾਡਲਾਂ ਜਿਵੇਂ

ਘਰ ਬਣਾਉਣ, ਚਲਾਉਣ
ਬੱਚੇ ਜਨਮਣ ਤੇ ਪਾਲਣ ਦੇ
ਫ਼ਿਕਰ ਤੋਂ ਬੇਪਰਵਾਹ

ਸ਼ਿਕਾਰ ਕਰਨ ਤੇ ਹੋਣ ਤੋਂ ਬੇਫ਼ਿਕਰ
ਮੁਕਾਬਲਾ, ਨਾ ਜ਼ਰੂਰਤ ਝਗੜੇ ਦੀ
ਨਾ ਹਾਰਨ ਹਰਾਉਣ ਦੀ ਹੋੜ
ਮਾਨਣਾ ਜ਼ਿੰਦਗੀ ਨੂੰ...ਇਵੇਂ
ਲੱਗਣਾ ਸੋਹਣੇ ਬਸ...
ਇੰਦਰ ਸਭਾ ਦੀਆਂ ਪਰੀਆਂ ਵਾਂਗ

-2-

ਇਕੁਏਰੀਅਮ ਦੀਆਂ ਮੱਛੀਆਂ
ਟਿਕਦੀਆਂ ਨਾਂ ਚੈਨ ਨਾਲ
ਲਹਿਰਦੀਆਂ, ਛੂੰਹਦੀਆਂ ਇਕ ਦੂਜੀ ਨੂੰ
ਬਦਲਦੀਆਂ ਦਿਸ਼ਾਵਾਂ
ਕਦੇ ਛੂੰਹਦੀਆਂ
ਸ਼ੀਸ਼ ਮਹਿਲ ਦੀ ਦੀਵਾਰ
ਮੁੜਦੀਆਂ ਦੂਜੇ ਪਲ
ਇਹ ਮਨਮਤੀਆਂ ਜਾਪਦੀਆਂ
ਕਿਸੇ ਫ਼ਿਕਰ ਤੋਂ ਆਜ਼ਾਦ ਪਰੀਆਂ
ਕਿਉਂ ਹਨ ਬੇਚੈਨ...?

ਕਿ ਸੰਘਰਸ਼ ਦੀ ਅਣਹੋਂਦ ਵਿਚ
ਭਰਪੂਰਤਾ ਦਾ ਅਹਿਸਾਸ ਹੀ
ਕਰ ਦੇਂਦਾ ਮਨ ਨੂੰ...ਕੁਥਾਂ...?
ਜਾਨਣ ਹੀ ਨਾ ਦੇਂਦਾ
ਕਿਸੇ ਜੱਦੋਜਹਿਦ ਤੋਂ ਪਿੱਛੋਂ
ਮਿਲਣ ਵਾਲੀ ਸਫ਼ਲਤਾ ਦੀ
ਖ਼ੁਸ਼ੀ ਦਾ ਹੁਲਾਸ...?

ਸਥਿਲਤਾ ਦਾ ਅਹਿਸਾਸ ਹੀ
ਉਪਜਾ ਦੇਂਦਾ ਇਕ ਖਲਾਅ
ਉਸ ਵਿਚੋਂ ਫੁੱਟਦੀ ਬੇਚੈਨੀ ਫਿਰ
ਕਰਦੀ ਬੇਚੈਨ, ਮਨ ਮਸਤਕ
ਵਿਸਰ ਜਾਂਦਾ ਹੁਸਨ ਜ਼ਿੰਦਗੀ ਦਾ

ਤੇ ਬੇਚੈਨੀ ਦਾ ਸਬੱਬ
ਬਣ ਜਾਂਦਾ ਇਕੁਏਰੀਅਮ

-3-
ਜ਼ਿੰਦਗੀ ਨੂੰ ਮਿਲਦੀ
ਅਸਾਨ ਜਿਹੀ ਬਹੁਲਤਾ
ਜ਼ਿਹਨ ਵਿਚ ਭਰਦੀ
ਤੇ ਉਸ ਨੂੰ ਦਿਸ਼ਾਹੀਣ ਕਰਦੀ
ਤਦ...ਅਮਰੀਕਾ ਦੇ ਕਿਸੇ ਸ਼ਹਿਰ ਜਿਹਾ
ਕੋਈ ਕਾਰਾ ਵਰਤਦਾ
ਕੋਈ ਅਭੋਲ ਬਾਲ
ਮਨ ਦੀ ਬੇਟਿਕਾਣਗੀ ਨਾਲ
ਕਿਸੇ ਸਕੂਲ, ਕਿਸੇ ਵਿਦਿਆਲੇ
ਗੋਲੀਆਂ 'ਚੋਂ ਮੌਤ ਫੁਹਾਰਦਾ
ਤੋੜਦਾ ਜ਼ਿੰਦਗੀ ਦੇ ਮਾਸੂਮ ਬਿੰਬ
ਕਰਦਾ ਮਨੁੱਖਤਾ ਨੂੰ ਸ਼ਰਮਸਾਰ

ਬਿਨ ਕਿਸੇ ਵਿਚਾਰਧਾਰਾ
ਬਿਨਾਂ ਕਿਸੇ ਸੋਚ

ਇਕੁਏਰੀਅਮ ਦਾ ਵੈਭਵ
ਸਿਰ ਚੜ੍ਹ ਬੋਲਦਾ
ਜਦ ਦੇਸ਼ ਹੀ ਕੋਈ
ਇਕੁਏਰੀਅਮ ਬਣਨ ਤੁਰਦਾ
ਤੇ ਦੇਸ਼ ਵਾਸੀ
ਇਕੁਏਰੀਅਮ ਦੀਆਂ ਮਛੀਆਂ

-4-
ਮਾਣ ਹੈ ਮੈਨੂੰ
ਇਕੁਏਰੀਅਮ ਨਹੀਂ ਦੇਸ਼ ਮੇਰਾ

ਖੁੱਲ੍ਹੇ ਅਸਮਾਨ ਹੇਠ
ਵਿਸ਼ਾਲ ਛੱਪੜ ਹੈ ਇਹ

ਜਿਥੇ ਸਿਰਫ਼ ਮੱਛੀਆਂ ਨਹੀਂ
ਮਗਰਮੱਛ ਵੀ ਹਨ
ਜਕੜ ਲੈਣ ਵਾਲੇ ਆਕਟੋਪਸ
ਤੇ ਮਾਸ ਖਾਣੀਆਂ ਖੂੰਖਾਰ
ਪਿਰਾਨਾ ਵਰਗੀਆਂ ਮੱਛੀਆਂ ਵੀ
ਗੰਧਲੇ ਪਾਣੀਆਂ ਦੀ ਵਹਿਸ਼ਤ ਵਿਚ
ਛੱਪੜ ਦਾ ਹੀ ਕਾਇਦਾ ਚਲਦਾ
ਡਾਢੇ ਦਾ ਰਾਜ ਤੇ ਲਿਹਾਜ਼ ਚਲਦਾ

ਸੰਘਰਸ਼ ਵਿਚ ਰਹਿੰਦੀਆਂ ਮੱਛੀਆਂ
ਸਾਹ, ਪਾਣੀ ਤੇ ਖੁਰਾਕ ਲਈ
ਦੌੜਦੀਆਂ ਇਧਰ-ਉਧਰ
ਤੋੜਦੀਆਂ ਕਿਨਾਰੇ ਕਦੇ
ਉਲਝਦੀਆਂ ਆਪੋਂ ਵਿਚ
ਮਾਹੌਲ ਦੀ ਦਹਿਸ਼ਤ
ਤੇ ਦਿਮਾਗ਼ ਦੀ ਵਹਿਸ਼ਤ ਦੇ ਪਲੀਂ
ਜੱਦੋਜਹਿਦ ਵਿਚ ਰੁੱਝੀਆਂ ਮੱਛੀਆਂ
ਚਿਤਵਣ ਲਗਦੀਆਂ ਕ੍ਰਿਸ਼ਮੇ
ਕਰਨ ਲਗਦੀਆਂ ਉਡੀਕ
ਕਿਸੇ ਤਲਿਸਮ ਦੀ
ਤੇ ਕਲਪਨਾ ਕਰਨ ਲੱਗਦੀਆਂ
ਕਿਸੇ ਸਵਰਗ ਦੀ
ਕਿ ਕਾਸ਼, ਕਿਤੇ ਇਹ ਛੱਪੜ
ਇਕੁਏਰੀਅਮ ਹੁੰਦਾ...!
•

## ਛਿਲਕੇ

ਕਹਿੰਦੇ ਨੇ—
'ਪੇਕੇ ਮਾਵਾਂ ਨਾਲ ਹੁੰਦੇ ਨੇ...'

ਸੱਚ ਹੀ ਸਿੱਧ ਹੋ ਗਿਆ
ਜਦ ਬਿਨ ਕਿਸੇ ਦੇ ਰੋਕਿਆਂ
ਮੇਰੇ ਨਾਲ ਤੁਰ ਆਈ ਮਾਂ

ਮੈਂ ਪੇਕੇ ਚੁੱਕੀ ਘਰ ਆ ਗਈ
ਤੇ ਹਵਾ ਵਿਚ ਖਿਲਾਰ ਆਈ
ਸਮਿਆਂ ਦੀ ਸਿਓਂਕ ਦੇ ਖਾਧੇ
ਉਸ ਅਹਿਸਾਸ ਦੀਆਂ ਲੀਰਾਂ
ਕਿ ਅੰਦਰ ਸਰਕਦਾ ਉਹ
ਐਵੇਂ ਮਨ ਨਾਲ ਗੁੱਥਮਗੁੱਥਾ ਨਾ ਹੁੰਦਾ ਰਹੇ

ਚੁੱਕੀ ਫਿਰਦੀਆਂ ਰਹੀਆਂ ਹਵਾਵਾਂ
ਮਨਾਂ 'ਚੋਂ ਪਰਵਾਸ ਕਰ ਗਈ
ਉਸ ਰੂਹ ਨੂੰ

ਹੁਣ ਉਹ ਅਕਸਰ ਉਸ ਉਤਲੇ
ਪੁਰਾਣੇ ਸ਼ਬਦਾਂ ਦੇ ਖੋਲ ਨੂੰ
ਉਖਾੜ ਕੇ ਖਲਾਰ ਜਾਂਦੀਆਂ ਨੇ
ਮਨ ਦੇ ਵਿਹੜੇ

ਮਨ ਵੀ ਹੈ
ਕਿ ਛਿਲਕੇ ਸਾਂਭਣੋਂ ਹਟਦਾ ਹੀ ਨਹੀਂ !

•

## ਮੁਹੱਬਤ-1

ਕਿਉਂ ਨਹੀਂ ਹੁੰਦਾ ਇਸ ਤਰ੍ਹਾਂ
ਕਿ ਮੁਹੱਬਤ
ਸਿਰਫ਼...ਤੇ ਸਿਰਫ਼
ਮੁਹੱਬਤ ਹੀ ਰਹੇ
ਹਮੇਸ਼ਾ ਵਾਸਤੇ
ਅੱਲ੍ਹੜ, ਮਾਸੂਮ, ਸੰਵੇਦਨਸ਼ੀਲ

ਦਸਤਕ ਨਾ ਦੇਵੇ
ਕਿਸੇ ਰਿਸ਼ਤੇ ਦੇ ਸਿਰਲੇਖ 'ਤੇ
ਨਾ ਬੱਝੇ ਸਭਿਅਤਾ ਦੇ
ਉਚੇਚ ਦੀ ਸੰਗਲੀ ਵਿਚ


ਸਭਿਅਤਾ ਦੀ ਸਰਦਲ 'ਤੇ ਹੀ ਤਾਂ
ਸ਼ੁਰੂ ਹੁੰਦੀ ਉਸਰਨੀ
ਇਸ ਸਮਰੱਥ ਸੰਪੰਨ
ਸੋਹਜ ਦੀ ਮਲਿਕਾ
ਮੁਹੱਬਤ ਦੀ ਕਬਰ

•

## ਮੁਹੱਬਤ-2

ਮੁਹੱਬਤ ਬੜੀ ਛੂਈ ਮੂਈ ਲਗਦੀ
ਪਰ ਹੁੰਦੀ ਨਹੀਂ ਇਵੇਂ
ਅੰਦਰੋਂ ਤਾਂ ਹੁੰਦੀ ਏ ਇਹ
ਹਰੇ ਪੱਤਿਆਂ ਨਾਲ ਸੰਪੰਨ
ਮਿਠਾਸ ਦੇ ਸੁਪਨਿਆਂ ਨਾਲ ਲਬਰੇਜ਼
ਸਰਸ਼ਾਰ, ਲਚਕਦਾਰ ਤੇ ਜਾਨਦਾਰ
ਨਿਰੀ ਸ਼ਹਿਤੂਤ ਦੀ ਛਮਕ ਜਿਹੀ ਬਸ...

•



## ਮੁਹੱਬਤ-3

ਮੁਹੱਬਤ ਇਕ ਅਹਿਸਾਸ ਹੁੰਦੀ
ਸਾਹਾਂ ਵਿਚ ਰਚੀ ਵੱਸੀ ਮਹਿਕ
ਅੰਦਰੋਂ ਫੁੱਟਦੀ ਕਸਤੂਰੀ
ਘੁਮਾਈ ਫਿਰਦੀ
ਦੁਆਲੇ ਆਪਣੇ ਹੀ...

ਇਹ ਜੋ ਸ਼ੁੱਧ ਅੱਲ੍ਹੜ ਜਾਦੂ ਦੇ
ਅਹਿਸਾਸ ਦਾ ਤਵੀਤ ਹੁੰਦੀ...
ਪਤਾ ਹੀ ਨਹੀਂ ਲਗਦਾ
ਕਿਸ ਪਲ ਉਸਾਰ ਦੇਂਦੀ
ਮਨੁੱਖ ਦੇ ਅੰਦਰੋਂ
ਲੋਹੇ ਤੋਂ ਕਠੋਰ
ਪਹਾੜਾਂ ਤੋਂ ਵਿਸ਼ਾਲ ਵਜੂਦ

ਜੋ ਲੋਹੇ ਨਾਲ ਪਰਬਤ ਚੀਰ
ਵਹਾ ਦੇਵੇ ਸਮਿਆਂ ਦੇ ਸੀਨੇ ਵਿਚ
ਨਹਿਰ ਬਣਾ ਕੇ
ਖ਼ੁਦ ਨੂੰ ਹੀ

•

## ਦੋਸਤੀ-1

ਸਖੀ, ਦੋਸਤ...!
ਵਰ੍ਹਿਆਂ ਦੇ ਵਰ੍ਹੇ
ਗੁਆਚੇ ਰਹਿੰਦੇ ਹਾਂ
ਆਪਣੇ ਜੰਗਲ ਵਿਚ ਅਸੀਂ...
ਜਿਸ ਨੂੰ ਘਰ ਕਹਿੰਦੇ ਹਾਂ...

ਆਪਣੇ ਬੂਟਿਆਂ ਨੂੰ
ਪਰਵਰਿਸ਼ ਦਾ ਪਾਣੀ ਦੇਂਦੇ
ਮੋਹ ਦੀ ਖਾਦ ਪਾਉਂਦੇ
ਸੀਤ, ਤਪਸ਼ ਤੋਂ ਉਹਲੇ ਬਣਦੇ
ਪੈਰਾਂ 'ਚੋਂ ਸੁੱਕੇ ਪੱਤੇ ਹੂੰਝ
ਕਦੇ ਅੰਬਰ 'ਚੋਂ ਗਰਦ ਪੂੰਝ
ਉਨ੍ਹਾਂ ਲਈ ਬੱਦਲ ਸਿਰਜਦੇ
ਜ਼ਖ਼ਮ ਪਲੋਸਦੇ
ਕਦੇ ਉਨ੍ਹਾਂ ਦੇ ਸੁਪਨਿਆਂ ਦੇ ਪੈਰੀਂ
ਪੁੜ ਗਏ ਕੰਡੇ ਚੁਗਦੇ ਰਹਿੰਦੇ

ਆਪਣੇ ਪੈਰਾਂ ਹੇਠਲੀ ਧਰਤ ਉਨ੍ਹਾਂ ਦੇ
ਭਵਿੱਖ ਦੇ ਪੈਰੀਂ ਵਿਛਾ
ਆਪਣੇ ਸਾਹਾਂ ਲਈ ਸਾਂਭੀ
ਹਵਾ ਦੇ ਫੰਭੇ ਵੀ ਕਰ ਦੇਂਦੇ
ਉਨ੍ਹਾਂ ਦੇ ਹੀ ਨਾਮ

ਫਿਰ ਜਦ...ਆਪਣੇ ਉਗਾਏ ਉਸਾਰੇ
ਜੰਗਲ 'ਚੋਂ ਲੰਘਦਿਆਂ
ਟਾਹਣੀਆਂ ਪੱਤਿਆਂ ਦੀ

ਸਿਰਜੀ ਹਵਾ ਨਾਲ ਜ਼ਖ਼ਮੀ ਹੁੰਦੇ
ਸਾਹੋ ਸਾਹੀ...ਕਦੇ ਸਾਹਹੀਣ ਹੁੰਦੇ
ਤਦ ਵੀ ਫਿਰਦੇ ਰਹਿੰਦੇ
ਆਪਣੇ ਜ਼ਖ਼ਮਾਂ 'ਚੋਂ ਰਿਸਦੀ
ਨੱਕੋ-ਨੱਕ ਹਵਾੜ ਨੂੰ ਸਾਂਭੀ
ਕਿ ਕਿਤੇ ਇਹ ਅੰਦਰਲਾ ਧੂੰਆਂ
ਆਪਣੇ ਹੀ ਜੰਗਲ ਨੂੰ ਧੁਆਂਖ ਨਾ ਦੇਵੇ

ਸਖੀ...ਦੋਸਤ !
ਕਦੇ ਮਿਲਦੇ ਹਾਂ ਜਦ
ਤਾਂ ਖੋਲ੍ਹ ਦੇਂਦੀ ਹਾਂ ਮੈਂ
ਆਪਣੀ ਹੋਂਦ ਦੀਆਂ
ਸਾਰੀਆਂ ਚਿਮਨੀਆਂ ਦੇ ਢੱਕਣ

ਉਗਲਣ ਦੇਂਦੀ ਹਾਂ
ਸਾਰੀਆਂ ਭੱਠੀਆਂ ਨੂੰ ਸੇਕ ਆਪਣਾ
ਲਾਹ ਦੇਂਦੀ ਹਾਂ ਜ਼ਖ਼ਮਾਂ ਤੋਂ
ਪਲਾਂ ਦੇ ਜ਼ਬਤ ਦੀਆਂ ਪੱਟੀਆਂ

ਤੇਰਾ ਹੁੰਗਾਰਾ ਦੇਣਾ
ਕੋਈ ਮਲ੍ਹਮ ਵਰਗਾ ਸ਼ਬਦ ਕਹਿਣਾ
ਮੇਰੀ ਸਥਿਤੀ ਨੂੰ ਆਪਣੇ 'ਤੇ ਪਹਿਨ ਕੇ
ਚੁੱਪ ਵੀ ਰਹਿ ਜਾਣਾ
ਇਕ ਅਹਿਸਾਸ ਸਿਰਜਦਾ
ਤੇ ਅਸੀਮ ਚੈਨ ਪਸਾਰਦਾ
ਕਿ ਸੁਣ ਲਿਆ ਹੈ ਤੂੰ...ਸਭ

ਉਸ ਸਕੂਨ ਵਿਚ ਤਰੋਤਾਜ਼ਾ ਮੈਂ
ਤੇਰੇ ਕੋਲੋਂ ਲੈ ਆਉਂਦੀ ਹਾਂ
ਸਹਿਜ ਭਰੀ ਸ਼ਕਤੀ ਦੀ ਰਸਦ
ਫਿਰ, ਅਗਲੀ ਵਾਰ ਮਿਲਣ ਤਕ ਵਾਸਤੇ

ਕਿੰਨਾ ਮਹੱਤਵਪੂਰਨ ਹੈ ਤੇਰਾ ਹੋਣਾ
ਤੇਰਾ ਸ਼ੁਕਰੀਆ...!
ਮੇਰੀ ਜ਼ਿੰਦਗੀ ਵਿਚ ਹੋਣ
ਤੇ ਰਹਿਣ ਵਾਸਤੇ

ਸਖੀ...ਦੋਸਤ...!
ਰੱਬ ਨਹੀਂ ਤਾਂ
ਉਸੇ ਵਰਗਾ
ਜ਼ਰੂਰ ਹੈਂ ਕੁਝ ਤੂੰ...

•

## ਦੋਸਤੀ-2

ਜਦ ਵੀ ਮਿਲਦੀ ਹਾਂ ਦੋਸਤ !
ਟੁੱਟੀ ਹੋਈ ਮੈਂ
ਮੁੜ ਤੋਂ ਜੁੜਦੀ ਹਾਂ ਹਰ ਵਾਰ
ਫਿਰ ਤੋਂ ਆਉਂਦੀ ਹਾਂ ਜ਼ਿੰਦਗੀ ਦੇ ਘਰ

ਤੈਨੂੰ ਹੀ ਤਾਂ ਪਤਾ ਹੈ ਸਿਰਫ਼
ਮੇਰੇ ਸਾਗਰਾਂ ਅੰਦਰ
ਤੜਪ ਤੜਪ ਕੇ
ਲਹਿਰਾਂ ਬਣਦੀ ਪਿਆਸ ਦਾ
ਮੇਰੇ ਥਲਾਂ ਵਿਚ ਵਿਚਰਦੇ
ਸਵੈ ਵਿਚ ਤਿੜਕਦੇ
ਸਵੈਮਾਣ ਦੀ ਸੰਤੁਸ਼ਟੀ ਦੀ
ਦਵਾ ਦਾ ਸਿਰਨਾਵਾਂ

ਤੇਰੇ ਹੋਣ ਨਾਲ ਹੀ ਸਿਰਫ਼
ਮੇਰੀਆਂ ਬੇਚੈਨ ਪਰਤਾਂ ਦਾ ਪਰਚ ਜਾਣਾ
ਤੇਰੇ ਕੋਈ ਮਸੀਹਾ ਹੋਣ ਤੋਂ ਘੱਟ ਤਾਂ ਨਹੀਂ

ਹਰ ਵਾਰ ਉਦਾਸੀਆਂ ਦਾ
ਉੱਛਲ ਕੇ ਤੇਰੇ ਸਾਹਵੇਂ ਵਰ੍ਹਨਾ
ਤੇ ਪਰਤ ਜਾਣਾ ਫਿਰ ਤੋਂ
ਆਪਣੀਆਂ ਕੰਦਰਾਂ ਵਿਚ
ਬਿਨਾਂ ਤਬਾਹੀ ਮਚਾਇਆਂ
ਤੇਰੀ ਹੋਂਦ ਦੇ ਅਹਿਸਾਸ ਦਾ ਹੀ ਤਾਂ ਕ੍ਰਿਸ਼ਮਾ ਹੈ

ਮੇਰੀ ਪਿਆਸ ਨੂੰ
ਭਟਕੀ ਨਾ ਬਣਨ ਦੇ ਕੇ

ਮੇਰੇ ਖ਼ੁਦ 'ਚੋਂ ਹੀ ਉਪਜਾ ਦੇਣੀ
ਇਕ ਤ੍ਰਿਪਤੀ
ਕਿਸੇ ਕ੍ਰਿਸ਼ਮੇ ਤੋਂ ਘੱਟ ਤਾਂ ਨਹੀਂ ਸਖੀ

ਬੇਚੈਨ ਦਿਸਹੱਦਿਆਂ ਦੀ ਤਪਸ਼ ਤੇ
ਆਪਣੇ ਵਿਚੋਂ ਹੀ
ਕਿਣਮਿਣ ਵਰ੍ਹ ਵੀ ਜਾਣਾ ਆਪੇ
ਤੇ ਸੀਤਲਤਾ ਵੀ ਪਰਸ ਲੈਣੀ
ਤੇਰੇ ਹੀ ਕਾਰਨ
ਵਾਪਰਦਾ ਏ ਇਹ ਜਾਦੂ

ਜਾਦੂਗਰ ਹੈਂ ਤੂੰ...!

•

## ਦੋਸਤੀ-3

ਦੋਸਤੀ ਵਿਚ ਕਦੇ ਕਦੇ
ਕਈ ਕੁਝ ਅਣ-ਕਿਆਸਿਆ ਵਾਪਰਦਾ

ਬੇਚੈਨ ਪਲਾਂ ਵਿਚ
ਆਪਣੀ ਆਪਣੀ ਅਵਾਰਗੀ ਪਸਾਰਨਾ
ਵਹਿ ਜਾਣਾ ਇਸੇ ਦੀਆਂ ਲਹਿਰਾਂ ਤੇ
ਬੇਨਾਮ ਦਿਸ਼ਾਵਾਂ ਵੱਲ

ਕਦੇ ਉਮੀਦ ਦੇ ਤਾਰਿਆਂ ਦੀ
ਗਰਦ ਝਾੜ ਆਉਣਾ
ਤੇ ਕਦੇ ਟੁੱਟਦੇ ਤਾਰਿਆਂ ਦੇ
ਕਾਫ਼ਲਿਆਂ ਵਿਚਕਾਰ ਪਹੁੰਚ
ਪਲੋਸ ਆਉਣਾ ਉਨ੍ਹਾਂ ਦੀ
ਟਿਮਟਿਮਾਹਟ ਨੂੰ
ਉਨ੍ਹਾਂ ਦੇ ਜੀਂਦੇ ਰਹਿਣ ਦੀ
ਹਿੰਮਤ ਬਣਾਈ ਰੱਖਣ ਵਾਸਤੇ ਬਸ

ਕਦੇ ਅੰਬਰਾਂ ਦੀ ਦਹਿਕ ਨੂੰ
ਸ਼ਾਮ ਦੇ ਸੰਧੂਰੀਪਣ ਵਿਚ ਲਪੇਟ
ਸਫ਼ਰ ਲਈ ਚਿਰਾਗ਼ ਬਣਾਉਣੇ
ਤੇ ਸੁਪਨਿਆਂ ਦੀਆਂ ਸਾਂਵਲੀਆਂ
ਥਿਰਕਦੀਆਂ ਕਿਸ਼ਤੀਆਂ ਵਿਚ ਰੱਖ ਆਉਣਾ
ਤੇ ਜੀਣ ਲੱਗ ਜਾਣਾ

ਹਾਲਤ ਦੀ ਖ਼ੁਸ਼ਕ ਹਵਾ ਨਾਲ
ਅਹਿਸਾਸਾਂ ਦੀ ਫੁੱਟੀ ਚਮੜੀ ਤੇ
ਦੋਸਤੀ ਦੀ ਹੋਂਦ ਦਾ ਸਪਰਸ਼
ਕ੍ਰਿਸ਼ਮਾ...ਵਰਦਾਨ ਬਸ...!

•

## ਦੋਸਤੀ-4

ਹੈਰਾਨ ਹਾਂ ਦੋਸਤ
ਕਿਸ ਤਰ੍ਹਾਂ ਜੁੜ ਜਾਂਦੇ ਨੇ
ਉਮਰਾਂ ਦੀਆਂ ਦੋਸਤੀਆਂ ਵਿਚ
ਵੱਖ-ਵੱਖ ਧਰੁਵਾਂ ਤੋਂ ਆਏ ਲੋਕ

ਕੁਝ ਤਾਂ ਹੁੰਦਾ ਹੀ ਹੋਵੇਗਾ ਸਾਂਝਾ ਆਖ਼ਰ
ਉਨ੍ਹਾਂ ਦੀਆਂ ਬਰਫ਼ਾਂ ਦੀ
ਯਖ਼ ਸਫ਼ੈਦੀ ਹੇਠ ਦੱਬੀ
ਰੰਗਾਂ ਦੀ ਤੜਪਦੀ ਚਾਹਤ ਵਰਗਾ
ਜੋ ਚਾਹੁੰਦਾ ਪਿਘਲ ਜਾਣਾ
ਉੱਤਰ ਜਾਣਾ ਰੰਗ ਬਣ ਕੇ
ਇਕੱਲ ਦੀਆਂ ਸ਼ਿਰਾਵਾਂ ਵਿਚ

ਉਹੋ ਹੀ ਬਣਦਾ ਹੋਵੇਗਾ ਚਾਹਤ
ਜੜ੍ਹਤਾ ਹੇਠ ਦੱਬੇ
ਜਜ਼ਬਾਤਾਂ ਦੀ ਬੇਚੈਨ ਹਿਲਜੁਲ ਦੀ
ਲੋਚਦਾ ਹੋਵੇਗਾ
ਵਹਾਅ ਵਿਚ ਢਲ ਕੇ
ਅੰਦਰ ਸੁੱਤੇ ਮੋਹ ਦੇ ਮੂਰਛਿਤ ਨੀਰ ਦੇ
ਸੁੱਤੇ ਨਾਦ ਨੂੰ ਜਗਾਉਣਾ


ਤੇ ਖ਼ਬਰੇ ਇਹੀ ਚਾਹਤ ਹੁੰਦੀ
ਜੋ ਮਨਾਂ ਦੀਆਂ ਧਰਤੀਆਂ ਦੇ
ਗਰਭ ਵਿਚ ਉਛਲਦੇ, ਤੜਪਦੇ
ਖ਼ੁਦ ਨੂੰ ਝੁਲਸਦੇ ਲਾਵਿਆਂ ਦੀ
ਧਰਤੀ ਦੀ ਸਤਹ ਤਕ ਪਹੁੰਚਣ ਦੀ
ਥਰਥਰਾਹਟ ਦੀ ਆਵਾਜ਼ ਬਣਦੀ

ਤੇ ਅੰਦਰਲੀ ਧੁੰਦਲੀ ਸੀਤ 'ਚੋਂ ਨਿਕਲ ਕੇ
ਜ਼ਿੰਦਗੀ ਦੇ ਪਾਲੇ 'ਚੋਂ
ਆਪਣਾ ਹਿੱਸਾ ਭਾਲਣਾ ਚਾਹੁੰਦੀ

ਤੇ ਕਈ ਕੁਝ ਹੋਰ ਅਜਿਹਾ
ਜੋ ਜੋੜਦਾ ਏ ਦੋਸਤੀ ਦੇ
ਧਰਤੀ, ਅੰਬਰ, ਮੰਡਲ...

ਐਵੇਂ ਹੀ ਤਾਂ ਨਹੀਂ ਬਣ ਜਾਂਦੇ ਦੋਸਤ
ਜ਼ਿੰਦਗੀ ਦੀਆਂ ਦੁਰਾਡੀਆਂ ਧਰਾਤਲਾਂ
ਤੇ ਵੱਖ-ਵੱਖ ਧਰੁਵਾਂ ਤੋਂ ਆਏ ਲੋਕ

•



## ਦੋਸਤੀ-5

ਧਰੁਵਾਂ 'ਚੋਂ ਉੱਤਰ ਕੇ
ਸਾਗਰਾਂ 'ਚੋਂ ਨਿੱਤਰ ਕੇ
ਧਰਤੀ ਦੀ ਸਤਾਹ 'ਤੇ
ਮਨ ਦੀਆਂ ਤੰਦਾਂ ਦਾ ਪਰਚ ਜਾਣਾ
ਕਿਸੇ ਵਜ੍ਹਾ ਵਿਚ ਸਿਮਟਿਆ ਹੁੰਦਾ

ਲੱਭ ਲਈ ਹੁੰਦੀ ਏ, ਅਪਣੱਤ ਦੀ ਤੰਦ ਸ਼ਾਇਦ
ਅੰਦਰ ਭਟਕਦੀ ਖਾਨਾਬਦੋਸ਼ੀ ਨੇ
ਤੇ ਮਿਲ ਜਾਂਦੀ ਏ ਠਹੁਰ
ਉਮਰਾਂ ਦੀ ਤਲਾਸ਼ ਪਿੱਛੋਂ
ਮਨ ਦੇ ਬ੍ਰਹਿਮੰਡ ਵਿਚ
ਹੋਂਦ ਦੇ ਕਿਸੇ ਭਟਕਦੇ ਅੰਸ਼ ਨੂੰ

ਆਪਣੀ ਹੀ ਇਕਸਾਰਤਾ
ਇਕ-ਰਸਤਾ ਤੋਂ ਅੱਕੀਆਂ ਤੰਦਾਂ
ਕਿਸੇ ਵਿਖ਼ਮ ਨਾਲ ਜੁੜਨਾ ਚਾਹੁੰਦੀਆਂ
ਤਲਾਸ਼ ਕਿਸੇ ਅਪਣੱਤ ਦੇ
ਖੰਡ 'ਤੇ ਜਾ ਉਤਰਦੀ
ਤੇ ਵਲ-ਵਲੇਵਿਆਂ 'ਚੋਂ ਨਿਕਲ ਕੇ ਤੰਦਾਂ
ਦੋਸਤੀ ਦੇ ਜਾਮੇ ਵਿਚ ਢਲਦੀਆਂ

ਦੋਸਤੀ ਦੀ ਪਿਆਸ ਕਤਰੇ ਭਾਲਦੀ
ਕਦੇ ਕਤਰੇ ਪਿਆਸ ਨੂੰ ਭਾਲਦੇ
ਇਕਮਿਕਤਾ ਵਿਚ ਘੁਲਦੇ
ਤੇ ਦੋਸਤੀ ਹੋ ਜਾਂਦੇ...

•

## ਦੋਸਤੀ-6

ਦੋਸਤੀ ਇਕ ਘਰ ਹੁੰਦੀ
ਸਮਰਪਣ ਦੀ ਚਾਰਦੀਵਾਰੀ ਅੰਦਰ
ਜਿਥੇ ਦੋਸਤਾਂ ਦੇ ਵਜੂਦ ਦੀਆਂ ਤਰਬਾਂ
ਆਪਸੀ ਸਾਂਝ ਵਿਚ ਵੱਸਣ ਲੱਗਦੀਆਂ
ਤੇ ਮਿਲਾ ਲੈਂਦੀਆਂ ਕੀਲ ਕੇ ਨਾਲ
ਮੋਹ ਦੇ ਅੰਸ਼ਾਂ ਨੂੰ ਵੀ

ਤੁਰਦੀ ਦੋਸਤੀ...
ਬਿਖੜੇ ਪੈਂਡੇ ਕਰਦੀ
ਅਣਵੇਖੇ, ਅਣਪਛਾਤੇ ਰਾਹਾਂ ਦੇ
ਆਪਣੀ ਛਤਰੀ ਦੀ ਛਾਵੇਂ ਛਾਵੇਂ
ਤਦ ਤਕ...ਜਦ ਤਕ
ਕਿਸੇ ਇਕ ਦੇ ਸਮਰਪਿਤ ਅੰਸ਼
ਗੁੰਮਰਾਹ ਹੋ ਕੇ ਬਾਗ਼ੀ ਹੋਣ
ਤੇ ਤੋੜ ਦੇਣ ਘਰ ਵਿਚਲੇ ਅੰਸ਼ਾਂ ਦੀ ਇਕਮਿਕਤਾ

ਇਵੇਂ ਹੁੰਦਾ ਜਦ
ਸੁੰਗੜਦੀ ਦੋਸਤੀ ਦੇ ਸਾਹਾਂ ਦੀ ਹਵਾ
ਉਮਰ ਉੱਡਦੀ
ਮਾਣ ਟੁੱਟਦਾ...ਤਾਣ ਮੁੱਕਦਾ
ਤੇ ਨਿਢਾਲ ਹੋ ਕੇ ਮਰ ਜਾਂਦੀ ਦੋਸਤੀ

ਮਨ ਦੀ ਧਰਤੀ 'ਤੇ
ਸਦਾ ਲਈ ਪਸਾਰ ਕੇ
ਆਪਣੇ ਟੋਟੇ ਤੇ ਪਰਛਾਵੇਂ
ਦੋਸਤੀ ਦੇ ਘਰ ਦੇ ਖੰਡਰਾਂ ਵਿਚ

•

## ਦੋਸਤੀ-7

ਸਮਾਂ ਚਲਦਾ ਹੈ
ਹਵਾ, ਪਾਣੀ, ਸਾਹ
ਤੇ ਸਾਡਾ ਉਮਾਹ
ਨਿਰੰਤਰ ਤੁਰਨਾ ਚਾਹੁੰਦਾ
ਪਰ ਰਿਸ਼ਤਿਆਂ ਦੇ ਮੁਕਾਮ 'ਤੇ
ਚੜ੍ਹਾਈਆਂ ਉਤਰਾਈਆਂ ਦੇ
ਪਲਾਂ ਦੀ ਹੀ ਧਰਤ ਹੁੰਦੀ
ਇਕਸਾਰ ਧਰਤੀ ਤਾਂ ਬਹੁਤ ਘੱਟ...

ਕੁਝ ਪਲ ਆਉਂਦੇ ਨੇ
ਇਸ ਤਰ੍ਹਾਂ ਦੇ ਵੀ...
ਜਦ ਰਿਸ਼ਤਿਆਂ ਦੇ ਬ੍ਰਹਿਮੰਡ ਵਿਚ
ਮਨ ਕਰਦਾ...ਰੁਕਣ ਨੂੰ ਕੁਝ ਪਲ...
ਗਤੀ ਦੀ ਵਾਹੋਦਾਹੀ ਰੋਕ ਕੇ

ਕਿਸੇ ਪਲ ਦੀ ਮਮਟੀ 'ਤੇ ਠਹਿਰ
ਚੁਫ਼ੇਰੇ ਤੱਕਣਾ
ਮਾਨਣਾ ਰਿਸ਼ਤੇ ਵਿਚਲੀ ਥਿਰਕਣ
ਧੜਕਣ ਮਹਿਸੂਸ ਕਰਨਾ
ਕਿ ਕਿਸ ਪਲ ਨੇ ਛੂਹ ਲਿਆ
ਗਹਿਰੀ ਨੀਂਦ ਸੁੱਤੇ ਅਹਿਸਾਸਾਂ ਨੂੰ ਇੰਜ
ਕਿ ਉਨ੍ਹਾਂ ਪਲਕਾਂ ਝਮਕੀਆਂ
ਤੇ ਜ਼ਿੰਦਗੀ ਦੀ ਛੋਹ ਮਹਿਸੂਸ ਕੀਤੀ ਉਨ੍ਹਾਂ
ਅਨਮੋਲ ਹੁੰਦਾ ਪਲ ਜਦ
ਕਿਸੇ ਅਹਿਸਾਸ 'ਚੋਂ ਕੋਈ ਫੁੱਲ
ਸੋਮਨ ਹੋਇਆ ਤੇ ਜਾਣਿਆ
ਪੰਖੜੀਆਂ ਦੀ ਖ਼ਾਮੋਸ਼ੀ ਵਿਚ ਸੁੱਤੇ

ਆਪਣੇ ਨਾਦ ਨੂੰ ਜਾਗਦਿਆਂ
ਕੋਈ ਅਣਭੋਲ ਚਾਅ ਮਚਲਦਿਆਂ

ਅਜ਼ਲ ਦੀ ਬਰਫ਼ ਹੇਠ ਸੁੱਤਾ
ਸਰਸ ਸੰਗੀਤ ਵਹਾਅ ਬਣਦਾ
ਤੇ ਸਾਹਾਂ ਵਿਚ ਵਸਦੀਆਂ
ਜ਼ਿੰਦਗੀ ਨੂੰ ਵਸਾਉਂਦੀਆਂ
ਪੌਣਾਂ ਵਿਚ ਰਚਦਾ
ਜੀਣ ਦੇ ਅੰਬਰ 'ਤੇ ਅਹਿਸਾਸਾਂ ਦੀ ਰਵਾਨੀ ਦਾ
ਰੰਗਲੀਆਂ ਖੰਭੜੀਆਂ ਵਰਗਾ ਜਾਦੂ ਪਸਾਰਦਾ
ਤੇ ਇਹ ਸਭ ਮਹਿਸੂਸ ਹੁੰਦਾ
ਕਿਸੇ ਪਲ ਦੇ ਡੰਡੇ 'ਤੇ ਬੈਠ
ਮਨ ਵਿਚਲੀ ਚੁਫ਼ੇਰੇ ਦੀ
ਕੁਦਰਤ ਨੂੰ ਤੱਕਦਿਆਂ
ਸਾਵੇ ਅਹਿਸਾਸਾਂ ਨੂੰ
ਜੀਣ ਦੇ ਵਿਹੜੇ ਵਿਚ ਪੱਲਰ ਕੇ
ਸਾਹਾਂ ਵਿਚ ਭਰਦੇ ਤੱਕਿਆਂ ਹੀ

ਰੁਕ...ਕੁਝ ਪਲ...ਦੋਸਤ
ਇਨ੍ਹਾਂ ਪਲਾਂ ਨੂੰ ਮਾਨਣ ਵਾਸਤੇ
ਜੋ ਬਹੁਤ ਜਲਦੀ
ਸਮੇਂ ਦੇ ਭਾਰੇ ਪੈਰਾਂ ਹੇਠ
ਦੱਬੇ ਮਸਲੇ ਜਾਣੇ ਹੁੰਦੇ
ਅਣ-ਮਹਿਸੂਸੇ, ਅਣਮਾਣੇ, ਅਣ-ਜੀਵੇ ਹੀ

ਜ਼ਰੂਰੀ ਹੁੰਦਾ
ਦੋਸਤੀ ਦੇ ਖ਼ੂਬਸੂਰਤ ਮੰਜ਼ਰ 'ਤੇ
ਰੁਕਣਾ...ਤੇ ਰੁਕੇ ਰਹਿਣਾ

ਉਸ ਪਲ ਵਿਚ
ਸਿਮਟ ਜਾਣ ਦੇਣਾ
ਸਾਰੇ ਆਉਣ ਵਾਲੇ ਪਲਾਂ ਨੂੰ
ਦੋਸਤੀ ਦਾ
ਤੁਰਦੇ ਰਹਿਣਾ ਜ਼ਰੂਰੀ ਨਹੀਂ ਹੁੰਦਾ
ਹਰ ਵੇਲੇ ਰਿਸ਼ਤਿਆਂ ਦੀ
ਅਗਲੀ ਤੋਂ ਅਗਲੇਰੀ ਪਗਡੰਡੀ ’ਤੇ

•



## ਆਪਣੇ ਤੱਕ

ਮਿੱਠਾ ਮਿੱਠਾ ਚਾਨਣ
ਨਿੰਮ੍ਹਾ ਨਿੰਮ੍ਹਾ ਨਿੱਘ

ਵਜੂਦ ਦੇ ਹਰੇਕ ਫੰਭੇ ਵਿਚ
ਮਹਿਸੂਸ ਹੋ ਰਹੀ
ਖੰਭੜੀ ਛੁਹ ਜਿਹੀ
ਹਵਾ ਦੀ ਰੁਮਕ

ਅੰਦਰੋਂ ਕਿਤੋਂ ਫੁੱਟਦੇ ਮੋਹ ਦੀ
ਨਿੱਕੀ ਨਿੱਕੀ ਫੁਹਾਰ ਨਾਲ
ਮਹਿਕੀ ਹੋਈ
ਮਨ ਦੀ ਮਿੱਟੀ 'ਚੋਂ
ਪੁੰਗਰ ਰਹੀਆਂ ਨੇ
ਸੋਚ ਦੀਆਂ ਸਾਂਵੀਆਂ ਕਰੂੰਬਲਾਂ
ਤੇ ਉਨ੍ਹਾਂ ਦੇ ਨੀਮ ਸਬਜ਼ ਕੂਲੇ ਲਿਬਾਸ ਵਿਚ
ਲਿਪਟ ਰਹੀਆਂ ਨੇ
ਆਪਣੇ ਰੰਗਾਂ ਦੇ
ਤਲਿਸਮ ਵਿਚ ਸਰਸ਼ਾਰ
ਸੁੱਤ ਉਨੀਂਦੀਆਂ ਚਾਅ ਦੀਆਂ ਕਲੀਆਂ

ਆਪਣੀ ਹੋਂਦ ਦੇ
ਕਿਸੇ ਗਲਿਆਰੇ ਵਿਚ
ਪਹੁੰਚੀ ਹਾਂ ਹੁਣੇ ਹੁਣੇ
...ਸ਼ਾਇਦ...

•

## ਸਰਪ੍ਰਾਈਜ਼

ਸੱਤ ਸਮੁੰਦਰ ਪਾਰ ਕਰਕੇ
ਚਾਣਚੱਕ ਆ ਖਲੋਤਾ
ਸਾਹਮਣੇ...ਮੇਰਾ ਬੇਟਾ
ਹੈਰਾਨ ਮੈਂ...ਉਹਨੂੰ ਤੱਕ ਕੇ
ਪਰੇਸ਼ਾਨ ਉਹ...ਮੇਰੇ ਵਤੀਰੇ 'ਤੇ
ਭੰਬੱਤਰੀ ਜਿਹੀ ਖ਼ੁਸ਼ੀ ਮੇਰੀ ਨੂੰ
ਸੁੱਝ ਨਹੀਂ ਰਿਹਾ ਕੁਝ...

ਕਿ...ਇੰਜ ਦੀ ਨਹੀਂ ਇਹ ਖ਼ੁਸ਼ੀ
ਜਿਵੇਂ ਹੋਣੀ ਸੀ ਅਜਿਹੇ ਵੇਲੇ
ਜੇ ਪਤਾ ਹੁੰਦਾ ਉਸ ਦੇ ਆਉਣ ਦਾ

ਜੇ ਪਤਾ ਹੁੰਦਾ ਪਹਿਲਾਂ
ਨੀਂਦ 'ਚੋਂ ਉੱਠ ਕੇ ਉਡੀਕ ਨੇ
ਹੋ ਜਾਣਾ ਸੀ ਉਸੇ ਪਲ ਸੋਮਨ
ਤੇ ਉਸ ਦਾ ਦਿਨ ਗਿਣਦੀ ਦਾ
ਸਾਥ ਦੇਣਾ ਸੀ ਘਰ ਦੇ
ਹਰੇਕ ਕੰਧ ਕੌਲੇ
ਤੇ ਜਾਨ ਬੇਜਾਨ ਵਸਤੂ ਨੇ
ਚੁਸਤ ਫੁਰਤ ਤੇ ਭਰੇ ਭਕੁੰਨੇ ਹੁੰਦਿਆਂ
ਉਤਸ਼ਾਹ ਨਾਲ

ਘਰ ਦੀ ਸਫ਼ਾਈ
ਉਸ ਦੇ ਕਮਰੇ ਦੀ ਤਿਆਰੀ ਕਰਦਿਆਂ
ਉਸ ਦੀ ਸੁਚੈਨ ਨੀਂਦ ਬਾਰੇ ਚਿਤਵਦਿਆਂ
ਬਦਲ ਦੇਣਾ ਸੀ ਕਈ ਕੁਝ
ਉਲੀਕ ਲੈਣੇ ਸੀ ਕਈ ਪ੍ਰੋਗਰਾਮ

ਨਿੱਕੇ ਨਿੱਕੇ ਕੰਮਾਂ ਵਿਚ
ਚਾਅ ਦੇ ਸਾਹ ਭਰਦਿਆਂ
ਉੱਡਦੀ ਰਹਿਣੀ ਸੀ ਥਕਾਵਟ ਸਾਰੀ

ਇਕ ਊਰਜਾ ਨੇ ਫਿਰਨਾ ਸੀ ਚੁਫ਼ੇਰੇ
ਮੇਰੇ ਪਲਾਂ ਨੂੰ ਨਿੱਕੇ ਵੱਡੇ ਕਰਦਿਆਂ
ਅਹਿਸਾਸਾਂ ਦੀ ਰੇਸ਼ਮ ਵਿਚ ਢਲਦਿਆਂ

ਸਰਪ੍ਰਾਈਜ਼ ਦਾ ਇਹ ਤੋਹਫ਼ਾ ਉਸ ਦਾ
ਹਵਾਈ ਸਫ਼ਰ ਵਾਂਗ ਹੀ
ਉਲੰਘ ਆਇਆ ਏ
ਮੇਰੇ ਹਿੱਸੇ ਦਾ, ਸਮੇਂ ਦਾ ਟੋਟਾ
ਜਿਸ ਨੇ ਨਿੱਕੇ-ਨਿੱਕੇ ਪਲ ਖ਼ੁਰਚ ਕੇ
ਚਿਤਵਨ 'ਚੋਂ ਸੁਪਨੇ ਫਰੋਲਣੇ ਸਨ
ਤੇ ਸਹਿਜ ਸੁਭਾ ਜਿਹੇ ਪਲਾਂ ਦੀ ਖ਼ਾਤਰ
ਕਿੰਨੇ ਸਾਰੇ ਉਚੇਚ ਉਸਾਰ ਲੈਣੇ ਸਨ
ਜਿਨ੍ਹਾਂ ਉਸ ਦੇ ਵਾਪਸ ਜਾਣ ਪਿੱਛੋਂ
ਸਾਡੀਆਂ ਯਾਦਾਂ ਦੇ ਇਕੁਏਰੀਅਮ ਵਿਚ
ਆਪਣੀ ਮਹਿਕ ਦੇ ਜ਼ਿਕਰ ਦੀਆਂ
ਰੰਗ ਬਰੰਗੀਆਂ ਥਿਰਕਦੀਆਂ
ਮਛਲੀਆਂ ਉਤਾਰ ਜਾਣੀਆਂ ਸਨ

ਅਣਜੰਮੇ ਭਰੂਣਾਂ ਜਿਹੇ
ਅਣਜੀਵੇ ਪਲਾਂ ਵੱਟੇ
ਮਿਲੇ ਸਰਪ੍ਰਾਈਜ਼ ਤੇ
ਹੈਰਾਨ ਹੈ ਬੇਮੇਚ ਜਿਹੀ ਖ਼ੁਸ਼ੀ

ਅਸਲ ਵਿਚ ਇਸ ਪੀੜ੍ਹੀ ਨੂੰ
ਸਰਪ੍ਰਾਈਜ਼ ਨਾਲ
ਨਿਭਣਾ ਨਿਭਾਉਣਾ ਆਉਂਦਾ ਹੀ ਨਹੀਂ

•



## ਭਰਮ ਭੁਲੇਖੇ

ਜੀਣ ਦੇ ਸਫ਼ਰ ਦੇ ਵਿਚ ਵਿਚਾਲੇ
ਮਿਲਦੇ ਨੇ ਭਰਮ ਭੁਲੇਖੇ
ਕਦੇ ਕਿਤੇ ਖਲੋਤੇ
ਕਦੇ ਤੁਰਦੇ ਨਾਲੋ ਨਾਲ
ਘੜੀ ਪਲ, ਦਿਨ ਭਰ, ਹਫ਼ਤੇ ਮਹੀਨੇ
ਤੇ...ਕਈ ਤਾਂ ਨਿਭਾਉਂਦੇ ਸਾਥ
ਵਰ੍ਹਿਆਂ ਦੇ ਵਰ੍ਹੇ, ਉਮਰਾਂ ਦੀ ਉਮਰ

ਹਰ ਭਰਮ ਦੀ ਹੁੰਦੀ ਏ ਨਿਖੇਧੀ
ਦੋਸ਼ੀ ਵੀ ਮੰਨਿਆ ਜਾਂਦਾ
ਅਸਲੀਅਤ ਨਾ ਹੋਣ ਕਰਕੇ...

ਪਰ ਬਿਨ ਟਲੇ, ਹਟਕੇ ਜਾਂ ਦਿਲ ਛੱਡੇ
ਕਰਦੇ ਰਹਿੰਦੇ ਕੰਮ ਆਪਣਾ
ਇਹ ਭਰਮ ਭੁਲਾਵੇ

ਕਦੇ ਦੇਂਦੇ ਇਹ
ਪਲ ਭਰ ਦੀ ਖ਼ੁਸ਼ੀ
ਕਿਸੇ ਬਾਲ ਨੂੰ ਲੱਭੇ
ਰੰਗਲੇ ਗੀਟਿਆਂ ਵਾਂਗ
ਬਰਫ਼ਾਂ ਵਿਚ ਫਸਿਆਂ ਨੂੰ
ਧੁੱਪ ਦੇ ਟੋਟਿਆਂ ਵਾਂਗ
ਥਲ ਵਿਚ ਭੁੱਜਦੇ ਨੂੰ
ਮ੍ਰਿਗ-ਤ੍ਰਿਸ਼ਨਾ ਦੇ ਹੌਸਲੇ ਵਾਂਗ

ਟੁੱਟਦੇ ਸਾਹਾਂ ਨੂੰ
ਹਵਾ ਦੇ ਬੁਲ੍ਹੇ ਦੀ ਅਪਣੱਤ ਵਾਂਗ

ਤੇ ਧੁੱਪ ਵਿਚ ਝੁਲਸੇ ਨੂੰ
ਰਸਤੇ 'ਤੇ ਖੜ੍ਹੇ ਬਿਰਖ਼ ਦੀ
ਛਾਂ ਦੇ ਆਪਣੀ ਹੋਣ ਦੇ ਅਹਿਸਾਸ ਵਾਂਗ

ਭਰਮਾ ਲੈਂਦੇ ਨੇ ਇਹ ਛਲੇਡੇ ਵਾਂਗ
ਕਿਸੇ ਆਸ ਦਾ ਡਾਕੀਆ ਬਣ ਕੇ
ਕਿਸੇ ਰਿਸ਼ਤੇ ਦੇ ਗੁਬਾਰੇ ਦਾ
ਰੰਗਲਾ ਜਿਹਾ ਆਡੰਬਰ ਬਣ ਕੇ


ਕਿ...ਜਾਣਦੇ ਹੁੰਦੇ ਨੇ ਇਹ ਭਰਮ ਭੁਲੇਖੇ
ਤਿੜਕਣਾ, ਫਟਣਾ ਤਾਂ ਹੈ ਉਨ੍ਹਾਂ ਇਕ ਦਿਨ
ਤਦ ਤਕ ਪਰ
ਉਹ ਨਹੀਂ ਟਲਦੇ...ਤੁਰੇ ਰਹਿੰਦੇ
ਅਟੰਕ, ਅਰੁਕ, ਬੇਖ਼ੌਫ਼

ਕਿ...ਪਤਾ ਹੁੰਦਾ ਏ ਉਨ੍ਹਾਂ ਨੂੰ
ਕਿੰਨਾ ਕਠੋਰ ਹੁੰਦਾ ਏ ਸੱਚ
ਕਿੰਨੀ ਬੇਰਹਿਮ ਹੁੰਦੀ ਹੈ ਅਸਲੀਅਤ
ਜ਼ਿੰਦਗੀ ਦੇ ਰਸਤਿਆਂ ਦੀ
ਕਿੰਨੇ ਭਿਅੰਕਰ ਹੁੰਦੇ ਨੇ
ਹਾਲਾਤ ਦੇ ਅੰਦਾਜ਼ ਤੇ ਰਸਤੇ

...ਤੇ ਜ਼ਿੰਦਗੀ ਤਾਂ ਅੱਲ੍ਹੜ ਜਿਹੀ ਕਮਲੀ ਜਿਹੀ
ਅਮੋੜ ਜਿਹੀ, ਕਾਹਲੀ ਜਿਹੀ
ਤੁਰਦਿਆਂ ਕਈ ਖੱਪੇ ਛੱਡਦੀ ਰਹਿੰਦੀ
ਜਾਣਦਿਆਂ...
ਕਿ ਜੇ ਨਾ ਲਾਈ ਆਪਣੇ ਰੰਗ ਦੀ ਛੋਹ

ਉਨ੍ਹਾਂ ਨੇ ਸੱਚ ਉੱਤੇ
ਨਾ ਛੁਹਾਈ ਕੋਈ ਸਾਵੀ ਪੱਤੀ
ਜ਼ਿੰਦਗੀ ਦੇ ਬੇਰਹਿਮ ਕੈਨਵਸ ’ਤੇ
ਟਾਲਿਆ ਨਾ ਘੜੀ ਭਰ
ਅਸਲੀਅਤ ਨੂੰ ਰਸਤੇ ਤੋਂ
ਖੱਪੇ ਨਾ ਭਰੇ, ਕਾਹਲੀ ਦੇ ਪਾਗਲਪਨ ਵਿਚਲੇ
ਤਾਂ ਤਿੜਕ ਕੇ ਖਿੱਲਰ ਜਾਏਗੀ
ਇਹ ਅਲ੍ਹੜ, ਇਹ ਅਕਲਮੰਦ ਬਣੀ ਫਿਰਦੀ ਜ਼ਿੰਦਗੀ
ਤੇ ਉਹ ਬਣੇ ਰਹਿੰਦੇ ਖਿਡਾਵੇ ਜ਼ਿੰਦਗੀ ਦੇ

•



## ਘੁੱਗੀ

ਇਨ੍ਹੀਂ ਦਿਨੀਂ ਇਕ ਘੁੱਗੀ ਰੋਜ਼ ਆਉਂਦੀ
ਆਪਣੇ ਉੱਡਣ ਸਿੱਖ ਰਹੇ ਬੱਚੇ ਨੂੰ
ਨਿੱਕੀਆਂ ਜਿਹੀਆਂ ਉਡਾਰੀਆਂ ਭਰਵਾ ਕੇ
ਮੇਰੇ ਘਰ ਛੱਡ ਜਾਂਦੀ

ਇਕ ਨੁੱਕਰੇ, ਗ਼ਮਲਿਆਂ ਪਿੱਛੇ ਲੁਕਦਾ
ਨਿੱਕਾ ਨਿੱਕਾ ਤੁਰਦਾ ਫਿਰਦਾ
ਆਗਿਆਕਾਰ ਬੱਚਾ ਉਥੇ ਹੀ ਰਹਿੰਦਾ ਪੂਰਾ ਦਿਨ

ਨਾ ਡਰਦਾ ਸਾਡੇ ਕੋਲੋਂ
ਨਾ ਫ਼ਿਕਰ ਘੁੱਗੀ ਨੂੰ ਹੀ ਕੋਈ
ਦਿਨ ਭਰ ਕਰਦੀ ਖਾਣ ਦਾ ਆਹਰ ਪਾਹਰ
ਸ਼ਾਮ ਨੂੰ ਆਉਂਦੀ
ਬੱਚੇ ਦੀ ਚੁੰਝ ਚੋਗ ਨਾਲ ਭਰਦੀ
ਤੇ ਲੈ ਜਾਂਦੀ ਉਸ ਨੂੰ ਵਾਪਸ

ਪਤਾ ਨਹੀਂ ਕਿਵੇਂ
ਏਨਾ ਯਕੀਨ ਮਨੁੱਖਾਂ 'ਤੇ ਉਸ ਨੂੰ
ਜਾਂ ਹਮਦਰਦ ਸਮਝ ਗਈ ਸਾਨੂੰ
ਇਨਸਾਨਾਂ ਤੇ ਪੰਖੇਰੂਆਂ ਵਿਚਲੀ
ਖਾਈ ਪਾਰ ਕਰ ਕੇ

ਕੁਝ ਵੀ ਹੈ
ਅਸੀਂ ਜੋ ਇਨਸਾਨਾਂ ਦੇ ਵੀ ਨਹੀਂ ਹੁੰਦੇ
ਸਾਡੇ 'ਤੇ ਏਨਾ ਵਿਸ਼ਵਾਸ ਕਰ ਲੈਣ ਲਈ

ਨੰਨ੍ਹੀ, ਪਿਆਰੀ ਘੁੱਗੀ
ਤੇਰਾ ਸ਼ੁਕਰੀਆ

ਤੂੰ ਹੋਰ ਵਧਾ ਦਿੱਤਾ
ਮੇਰੇ ਜ਼ਿੰਮੇਵਾਰੀ ਦੇ ਅਹਿਸਾਸ ਨੂੰ

•



## ਇਵੇਂ ਹੀ

ਅਕਸਰ ਕਿਸੇ ਪਿਆਰੇ ਪਲ ਨੂੰ
ਤਾ-ਉਮਰ ਚਿਤਵਦੀ ਹਾਂ
ਉਡੀਕਦੀ ਸ਼ਿੱਦਤ ਨਾਲ
ਉਸ ਦੀ ਆਮਦ
ਕਿ...ਪਾਣੀ ਦੇ ਬੁਲਬੁਲੇ ਜਿਹੇ
ਉਸ ਪਲ ਦੀ ਖ਼ੂਬਸੂਰਤੀ
ਨਜ਼ਾਕਤ ਤੇ ਚੰਚਲਤਾ ਦੇ
ਅਹਿਸਾਸਾਂ ਦੀ ਰੁਮਕ ਮਹਿਸੂਸ ਕਰਾਂ
ਤੇ ਉਸੇ ਰੌਂ ਵਿਚ ਰਚ ਕੇ
ਮਾਣਾਂ ਉਸ ਪਲ ਨੂੰ

ਨਿਸ਼ਬਦ, ਅਹਿਲ, ਅਨੰਦਿਤ
ਆਹਮੋ-ਸਾਹਮਣੇ
ਇਕ ਸਕੂਨ, ਇਕ ਅਨੰਦ ਦੇ ਅਹਿਸਾਸ ਨਾਲ ਬਸ

ਉਹ ਪਲ ਆਉਂਦਾ ਏ
ਤੇ ਉਸ ਦੇ ਆਉਣ ਦੇ ਉਮਾਹ ਦੀ
ਉਕਸਾਹਟ ਵਿਚ
ਉਲੰਘੇ ਜਾਂਦੇ ਨੇ ਮੇਰੇ ਕੋਲੋਂ
ਹੋਰ ਪਲਾਂ ਦੇ ਅੰਬਾਰ ਦੇ ਨਾਲ ਹੀ
ਅਜਿਹੇ ਸੁਕਰਮੇ ਪਲ ਵੀ ਹਰ ਵਾਰ

ਸੋਚ ਦੇ ਕਿੰਗਰੇ
ਸਮੇਂ ਦੇ ਕਿੰਗਰਿਆਂ ਨਾਲ
ਤਾਲਮੇਲ ਸਿੱਖ ਹੀ ਨਹੀਂ ਸਕੇ ਬਸ...!

•

## ਵੇਲੇ ਕੁਵੇਲੇ

ਵੇਲੇ ਕੁਵੇਲੇ
ਕਿਸੇ ਵੀ ਪਲ ਅੱਜ ਕੱਲ੍ਹ
ਸੋਚ ਦੇ
ਚਾਰਦੀਵਾਰੀ ਬਿਨਾਂ ਵਿਹੜੇ ਵਿਚ
ਝਾਤੀਆਂ ਮਾਰਨ ਲੱਗੀਆਂ ਹਨ
ਅਣਲਿਖੀਆਂ ਕਵਿਤਾਵਾਂ...

ਜੋ ਅਣਜੰਮੀਆਂ ਕੁੜੀਆਂ ਵਾਂਗ
ਸੁਪਨੇ, ਕਿਲਕਾਰੀਆਂ
ਤੇ ਸੁਬਕੀਆਂ ਭਰੇ ਅਣਜੰਮੇ ਬੋਲਾਂ ਸਮੇਤ
ਖ਼ੁਰ ਭੁਰ ਗਈਆਂ
ਸਾਹਾਂ ਤੋਂ ਹਵਾਵਾਂ ਵਿਚ
ਬਿਨ ਸ਼ਬਦ ਦੇ ਲਿਬਾਸ
ਤੇ ਕਾਗ਼ਜ਼ ਕਲਮ ਦੀ ਛੋਹ ਤੋਂ
ਖਿੱਲਰੇ ਅੰਗ ਹਨ ਇਨ੍ਹਾਂ ਦੇ
ਪਰ ਗੁਣਗੁਣਾਹਟ ਹੈ ਚੁਫ਼ੇਰੇ ਕਿਤੇ, ਪੱਸਰੀ

ਖਿੱਲਰੇ ਅੰਗਾਂ ਵਾਲੀਓ ਕਵਿਤਾਓ
ਆਪਣੇ ਬੇਬਾਕ, ਅਧੂਰੇਪਣ 'ਚੋਂ
ਕਿੰਜ ਸਿਰਜਣਾ ਕਰਾਂ ਤੁਹਾਡੀ...!

ਸੌਂ ਜਾਓ ਮੇਰੀ ਮਿੱਟੀ ਵਿਚ
ਮੇਰੀਆਂ ਸੋਚਾਂ ਨਾਲ ਗੁੱਝ ਕੇ
ਸਾਵੇ ਚਿਹਰੇ ਲੈ ਕੇ
ਮੇਰੇ ਖ਼ੂਨ ਵਿਚੋਂ
ਮੁੜ ਕੇ ਉੱਗੋ !

•

## ਨਾਮ ਤੇ ਰਿਸ਼ਤੇ

ਪਤਾ ਨਹੀਂ ਕੌਣ ਸਿਊਂਦਾ ਉਣਦਾ ਏ
ਰਿਸ਼ਤੇ ਤੇ ਉਨ੍ਹਾਂ ਦੇ ਲਿਬਾਸ
ਤੇ ਕੌਣ ਕਰਦਾ ਏ ਉਨ੍ਹਾਂ ਦੇ ਨਾਮ ਨਿਸ਼ਚਿਤ
ਕਿ ਉੱਖੜਿਆ ਫਟਿਆ ਨਜ਼ਰ ਆਉਂਦਾ
ਹਰ ਲਿਬਾਸ ਤੇ ਨਾਮ ਅੱਜ ਕੱਲ੍ਹ

ਕਈ ਵਾਰ ਨਾਮ ਤਾਂ ਸਿਰਫ਼ ਖੋਲ ਹੀ ਹੁੰਦਾ
ਉਛਾੜ ਵਾਂਗ
ਤੇ ਕਾਫ਼ੀ ਖੁੱਲ੍ਹਾ ਹੁੰਦਾ
ਰਿਸ਼ਤਾ ਅੰਦਰ
ਬਹੁਤ ਨਿੱਕੇ ਆਕਾਰ ਦਾ ਹੁੰਦਾ
ਉਛਲਦਾ, ਇਧਰ ਉਧਰ ਖੜਕਦਾ
ਨਿੱਕੀ ਜਿਹੀ ਹਿਲਜੁਲ ਨਾਲ
ਬਾਹਰ ਵੀ ਡਿੱਗ ਪੈਂਦਾ
ਨਾਮ...ਪਿਆ ਰਹਿ ਜਾਂਦਾ ਕਿਤੇ


ਕਈ ਵਾਰ ਮਿਟ ਜਾਂਦਾ ਏ ਰਿਸ਼ਤੇ ਦਾ ਨਾਮ
ਪਲਾਂ ਦੀ ਰਗੜ ਨਾਲ
ਤੇ ਅੰਦਰੋਂ ਨਿਕਲ ਆਉਂਦਾ ਕੋਈ ਹੋਰ ਰੰਗ
ਹਨੇਰੇ ਵਰਗਾ...ਜਿਸ ਦੇ ਅੰਦਰ
ਪੱਲਰ ਪੈਂਦੇ ਨੇ ਕਈ ਤਰ੍ਹਾਂ ਦੇ ਜੀਵਾਣੂ
ਉਹ ਖਾ ਜਾਂਦੇ ਰਿਸ਼ਤੇ ਨੂੰ

ਕਦੇ ਕਦਾਈਂ
ਬਹੁਤ ਵੱਡਾ ਹੁੰਦਾ ਰਿਸ਼ਤਾ
ਨਾਮ ਦੇ ਆਕਾਰ ਤੇ ਉਸ ਦੇ ਵਿੱਤ ਤੋਂ ਵੀ

ਜੋ ਨਾਮ ਤੋਂ ਬਾਹਰ ਆ ਕੇ
ਅੰਬਰ ਵੀ ਬਣ ਜਾਂਦਾ ਤੇ ਧਰਤੀ ਵੀ

ਅਜਿਹੇ ਰਿਸ਼ਤੇ ਨਾਮ ਵਾਲੇ ਹੋਣ ਜਾਂ ਬੇਨਾਮ
ਬਿਨਾਂ ਕੁਝ ਹੋਣ ਦੀ ਬੰਦ੍ਹਸ਼ ਤੋਂ
ਬਹੁਤ ਕੁਝ ਹੋ ਜਾਂਦੇ
ਤੇ ਉਹੀ ਜ਼ਿੰਦਗੀ ਦੇ ਹਾਣੀ ਹੁੰਦੇ

•



## ਪਿਤਰ

ਨੱਬੇਵਿਆਂ ਵਿਚ ਮਾਂ
ਘਰ ਦੇ ਭਾਂਡੇ ਗਿਣ-ਗਿਣ ਰੱਖਦੀ
ਨਰਾਜ਼ ਹੁੰਦੀ ਕੰਮ ਕਰਨ ਵਾਲੀ ਕੁੜੀ 'ਤੇ
ਕਿ ਲਸਣ ਛਿੱਲਦੀ ਉਹ
ਬਿਨਾਂ ਛਿੱਲੇ ਸੁੱਟ ਦੇਂਦੀ ਏ
ਨਿੱਕੀਆਂ ਨਿੱਕੀਆਂ ਤੁਰ੍ਹੀਆਂ ਉਸ ਦੀਆਂ
ਛਿਲਕਿਆਂ ਵਿਚ ਲੁਕਾ ਕੇ
ਤੇ ਧਨੀਆ ਕੱਟਣ ਲੱਗੀ
ਸੁੱਟ ਦੇਂਦੀ ਏ ਨਿੱਕੀਆਂ ਪੱਤੀਆਂ
ਬਿਨਾਂ ਤੋੜਿਆਂ ਹੀ
ਅਧਰਕ ਛਿਲਦੀ ਤਾਂ
ਅੱਧਾ ਸੁੱਟ ਦੇਂਦੀ
ਤੇ ਹੋਰ ਨਿੱਕ-ਸੁੱਕ ਬਾਰੇ ਵੀ
ਬਹਿਸ ਚਲਦੀ ਰਹਿੰਦੀ ਇੰਜ

ਮੰਨਦੀ ਹੀ ਨਾ
ਇਹ ਕਹਿਣ 'ਤੇ ਵੀ
ਕਿ ਛੱਡ ਇਹ ਪਚੜੇ
ਇਸ ਉਮਰੇ ਹੁਣ...

ਮੁੱਕ ਗਈ ਏ ਬਹਿਸ ਹੁਣ
ਉਸ ਦੇ ਤੁਰ ਜਾਣ ਨਾਲ
ਪਰ ਸੰਘਣੀ ਚੁੱਪ ਵਿਚ
ਤਰਦੀ ਰਹਿੰਦੀ ਹੈ ਅਕਸਰ
ਲਸਣ, ਅਦਰਕ ਤੇ ਹੋਰ
ਨਿੱਕ-ਸੁੱਕ ਦੀ ਬਹਿਸ...
ਮੇਰੇ ਮਨ ਨਾਲ ਖਹਿੰਦੀ

ਸੋਚਦੀ ਹਾਂ—
ਕਿਸੇ ਦੀ ਹੋਂਦ ਵੱਡੀ ਹੁੰਦੀ ਹੈ
ਜਾਂ ਅਣਹੋਂਦ

ਹੁਣ ਅਕਸਰ ਮੈਂ
ਲਸਣ, ਅਦਰਕ ਛਿਲਦੀ
ਤੇ ਧਨੀਆ ਕੱਟਦੀ ਲੜਕੀ ਦੇ
ਹੱਥਾਂ ਵੱਲ ਤੱਕ ਲੈਂਦੀ ਹਾਂ
ਚੋਰ ਅੱਖ ਨਾਲ
ਕਿ ਕੁਝ ਸੁੱਟ ਤਾਂ ਨਹੀਂ ਰਹੀ ਉਹ...

ਕਿਵੇਂ ਸਹਿਜ ਸੁਭਾ ਹੀ
ਦਾਖ਼ਲ ਹੋ ਜਾਂਦੇ ਨੇ
ਸਾਡੇ ਅੰਦਰ
ਸਾਡੇ ਪਿਤਰ...

•

## ਇਕ ਪਿਆਲਾ ਚਾਹ

ਸ਼ਾਮ ਢਲਦੀ
ਤਲਬ ਜਾਗਦੀ
ਚਾਹ ਦੇ ਇਕ ਪਿਆਲੇ ਦੀ

ਖ਼ੂਬਸੂਰਤ ਨੀਮ ਰੰਗਤ ਵਾਲਾ
ਗਰਮ ਚਾਹ ਦਾ ਪਿਆਲਾ ਬਸ
ਜੋ ਦਿਨ ਭਰ ਦੇ ਥੱਕੇ
ਅਕੜਾਏ ਜਿਸਮ ਵਿਚ
ਨਿੱਘ ਬਣ ਕੇ ਰਚੇ

ਏਨਾ ਕੁ ਗਰਮ ਬਸ
ਕਿ ਬੁੱਲ੍ਹਾਂ ਨੂੰ ਦੇਵੇ
ਸੁਖਾਵਾਂ ਜਿਹਾ ਅਹਿਸਾਸ
ਤੇ ਮਿਠਾਸ ਏਨੀ ਕੁ
ਕਿ ਘੱਟੋ ਘੱਟ
ਮਹਿਸੂਸ ਤਾਂ ਜ਼ਰੂਰ ਹੋਵੇ

ਕਿ, ਢਲਦੀ ਹੋਈ ਸ਼ਾਮ
ਦਿਨ ਦੀ ਹੋਵੇ ਜਾਂ ਜ਼ਿੰਦਗੀ ਦੀ
ਬਹੁਤ ਲੋੜ ਭਾਸਦੀ ਏ
ਇਕ ਪਿਆਲਾ ਚਾਹ ਦੀ...

•

## ਉਮਰ ਦੀ ਚਟਾਨ-1

ਪਤਾ ਨਹੀਂ ਹੁੰਦਾ...ਕਿਸ ਵੇਲੇ
ਕੋਈ ਪਲ...ਉਮਰ ਦੇ ਸ਼ਾਂਤ ਜਾਪਦੇ
ਪਾਣੀਆਂ ਵਿਚ ਕੰਕਰ ਮਾਰੇ
ਤੇ ਕੋਈ ਲਹਿਰ ਉੱਠ ਕੇ
ਕਿਸੇ ਵੇਲੇ...ਕਿਸੇ ਉਮਰੇ
ਆਪਣੇ ਅੰਦਰਲੇ ਬੀਜ ਵਿਚਲੇ
ਸਾਰੇ ਸਾਜ਼ੋ ਸਾਮਾਨ ਸਮੇਤ
ਜੀ ਉੱਠੇ ਫਿਰ ਤੋਂ
ਤੇ ਉਮਰ ਦੇ ਸਮੁੱਚ ਨੂੰ ਵੰਗਾਰ ਦੇਵੇ
ਉਸ ਦੇ ਸਾਰੇ ਵਿਧੀ ਵਿਧਾਨ ਨੂੰ ਹੀ ਖਲਾਰ ਦੇਵੇ
ਸੁੱਤੇ ਚਾਵਾਂ ਨੂੰ ਫੁਹਾਰ ਦੇਵੇ ਤੇ ਜਗਾ ਦੇਵੇ
ਸਾਰੀ ਦੀ ਸਾਰੀ ਉਮਰ ਦੀਆਂ
ਸਿਲ੍ਹ ਦੀਆਂ ਤਹਿਆਂ ਨੂੰ
ਇਕੋ ਵਾਰ ਧੁਖਣ ਲਾ ਦੇਵੇ

ਜਦ ਇਵੇਂ ਹੋਏ...
ਰੁਕੇ ਪਾਣੀ ਵਹਿਣਾਂ ਲੋਚਣ ਲੱਗਣ
ਤੇ ਸਮਾਂ ਕਾਇਦੇ ਕਾਨੂੰਨਾਂ ਦੀਆਂ
ਲੀਹਾਂ 'ਤੇ ਪਾਉਣਾ ਚਾਹੇ...

ਪਰ ਤਰਲ ਹੁੰਦੇ ਪਲਾਂ ਦਾ ਪਾਣੀ
ਅੰਦਰਲੀਆਂ ਚਿਣਗਾਂ, ਰੋਹ
ਮਹਿਕਾਂ, ਬੇਚੈਨੀ
ਤੇ ਉਨ੍ਹਾਂ ਅੰਦਰਲਾ ਕਈ ਕੁਝ
ਉਮਰ ਦੇ ਵਿਰੁੱਧ ਬਗ਼ਾਵਤ ਕਰੇ
ਆਪਸੀ ਯੁੱਧ ਸ਼ੁਰੂ ਹੋ ਜਾਵੇ

ਕੋਈ ਵਿਦਿਆ ਜੋਤਿਸ਼ ਸਿਆਣਪ
ਕੋਈ ਪੇਸ਼ੀਨਗੋਈ ਨਹੀਂ ਜਾਣਦੀ
ਸਮੇਂ ਦੀਆਂ ਪਰਤਾਂ
ਤੇ ਪਰਤਾਂ ਵਿਚ ਸਿਮਟੇ
ਇਸ ਯੁੱਧ
ਸਮੇਂ ਦੇ ਅੰਬਾਰਾਂ ਦੇ ਰਾਜ਼
ਤੇ ਉਸ ਯੁੱਧ ਨਾਲ ਨਿਭਦੀਆਂ
ਅੰਦਰਲੀਆਂ ਪਰਤਾਂ ਦੇ ਹਾਲ...ਰਾਜ਼
ਫਿਰ ਉਮਰ ਹੀ ਜਾਣੇ
ਜੋ ਆਪਣੇ ਵਿਧੀ ਵਿਧਾਨ ਵਿਚ
ਲਿਪਟੀ ਹੁੰਦਿਆਂ ਵੀ
ਕੰਢਿਆਂ ਵਿਚ ਵਹਿੰਦੀ ਜਾਪ ਕੇ ਵੀ
ਬਾਹਰ ਦੇ
ਆਜ਼ਾਦ ਗਲਿਆਰਿਆਂ ਵਿਚ ਵਿਚਰਦੀ

ਉਮਰ ਦਾ ਚਿਹਰਾ
ਨਾ ਚਿਹਰੇ ਦਾ ਮੋਹਰਾ
ਕਿਸੇ ਦੀ ਪਕੜ ਵਿਚ ਆਉਂਦਾ

•

## ਉਮਰ ਦੀ ਚਟਾਨ-2

ਉਮਰ ਦਾ ਚਿਹਰਾ ਮੁਹਰਾ
ਤੇ ਇਸ ਮੁਹਰੇ ਦਾ ਚਿਹਰਾ
ਕਾਸ਼ ! ਏਨਾ ਹੀ ਸਰਲ
ਤੇ ਇਕਹਿਰਾ ਹੁੰਦਾ
ਬੋਲ ਲਿਆ ਜਾਂਦਾ
ਜਿੰਨੇ ਸਹਿਜ ਜਿਹੇ ਨਾਲ ਇਸ ਨੂੰ
ਕਿ ਇਕ ਉਮਰ ਦੇ ਅੰਦਰ ਹੁੰਦੀਆਂ
ਅਨੇਕਾਂ ਉਮਰਾਂ
ਤੇ ਅਨੇਕ ਪਰਤਾਂ ਫਿਰ ਹਰ ਉਮਰ ਦੀਆਂ
ਤਹਿਦਾਰ ਚਟਾਨਾਂ ਵਾਂਗ ਜੁੜ ਕੇ
ਉਮਰ ਦੇ ਸ਼ਬਦ ਵਿਚ ਲੁਕੀਆਂ

ਕਦੇ ਪਲਾਂ ਨਾਲ ਪਲ ਜੁੜ ਕੇ
ਕਦੇ ਪਲਾਂ ਵਿਚ ਪਲ ਘੁਲ ਕੇ
ਕਦੇ ਪਲ, ਇਕ ਦੂਜੇ ਵਿਚ ਖੁਭ ਕੇ
ਕਦੇ ਬਿਲਕੁਲ ਚੰਬੜ ਕੇ
ਤੇ ਕਦੇ ਕੋਈ ਪਲ
ਦੂਜੇ ਪਲਾਂ ਦੇ ਉਪਰੋਂ ਦੀ ਵਹਿ ਕੇ
ਲਪੇਟ ਕੇ ਉਨ੍ਹਾਂ ਨੂੰ
ਇਕ ਜਾਨ ਜਿਹੇ ਹੋਏ ਲੱਗਦੇ
ਉਮਰ ਦੀ ਤਹਿਦਾਰ ਚੱਟਾਨ ਵਿਚ

ਨਜ਼ਰ ਆਉਣ ਪਰਤਾਂ ਜਾਂ ਨਾ
ਹੋਂਦ ਨਹੀਂ ਗੁਆਉਂਦੀਆਂ ਆਪਣੀ
ਇਕਮਿਕ ਹੋ ਕੇ ਸੁੱਤੀਆਂ ਜਾਪਦੀਆਂ
ਉਨ੍ਹਾਂ ਦੀਆਂ ਕਈ ਸਾਰੀਆਂ ਧਾਰਾਵਾਂ
ਤੇ ਕਈ ਸਾਰੀਆਂ ਦੁਨੀਆਂ

ਕਿਹੜੀ ਧਾਰਾ ਵਿਚ ਲਾਵਾ
ਸਹਿਜ ਸੁਭਾਅ ਸੁੱਤਾ
ਜਾਂ ਜ਼ਬਰੀ ਦਬਾਇਆ
ਪਤਾ ਹੀ ਨਹੀਂ ਲਗਦਾ

ਕਿਹੜੀ ਪਰਤ ਦੀਆਂ ਨਦੀਆਂ ਨੂੰ
ਬੁੱਕਲ ਵਿਚ ਲਪੇਟ ਗਈ ਰੇਤ
ਜ਼ਾਹਰ ਹੀ ਨਹੀਂ ਹੁੰਦਾ

ਕਿਸ ਉਮਰ ਦੀ ਜੀਂਦੀ ਜਾਗਦੀ ਦੁਨੀਆਂ
ਕਿਸੇ ਭੁਚਾਲ, ਤੂਫ਼ਾਨ, ਯੁੱਧ
ਜਾਂ ਕਿਸੇ ਹੋਰ ਜ਼ਬਰ ਨਾਲ
ਥੇਹ ਕਰ ਦਿੱਤੀ ਗਈ
ਕੋਈ ਵੇਰਵਾ ਨਹੀਂ ਮਿਲਦਾ

ਕਿਹੜੇ ਅੱਲ੍ਹੜ ਅਹਿਸਾਸ
ਖ਼ਿਆਲਾਂ ਦੀ ਦਲੀਲ ਨਾਲ
ਸਿਆਣਪ ਦੀ ਲੋਰੀ ਉਹਲੇ
ਸੁਆਂ ਦਿੱਤੇ ਗਏ...
ਕੋਈ ਉੱਘ-ਸੁੱਘ ਨਹੀਂ ਮਿਲਦੀ
ਤੇ ਉਨ੍ਹਾਂ ਦੁਆਲੇ ਉਮ੍ਰਲਦਾ
ਕਿੰਨਾ ਉਤਸ਼ਾਹ, ਮੋਹ ਦੇ ਰੰਗਾਂ ਸਮੇਤ
ਸਮੇਂ ਦੀ ਚਾਦਰ ਵਿਚ ਲਿਪਟ ਗਿਆ...
ਕੋਈ ਲਿਖਤ ਨਹੀਂ ਮਿਲਦੀ
ਕਿੰਨੇ ਚਾਅ ਦੇ ਖਿੜੇ, ਅੱਧਖਿੜੇ
ਫੁੱਲ ਤੇ ਡੋਡੀਆਂ
ਸੋਮਨ ਹੁੰਦੀ ਮਹਿਕ ਸਮੇਤ

ਸਮੇਂ ਦੇ ਥਲ ਵਿਚ ਕਿਸ ਵੇਲੇ
ਕਿਸ ਥਾਂ ਦਫ਼ਨ ਹੋਏ
ਸੂਹ ਨਹੀਂ ਮਿਲਦੀ ਕਿਸੇ ਕਬਰ ਦੀ

ਸੁਬਕਦੇ ਚਿਹਰਿਆਂ ਦੀਆਂ ਅੱਖਾਂ 'ਚੋਂ
ਕਿੰਨੇ ਵਗੇ, ਸਿੰਮੇ ਜਾਂ ਅਣਵਗੇ ਰਹੇ ਅੱਥਰੂ
ਜ਼ੀਰ ਗਏ ਸਾਹਾਂ ਦੀਆਂ ਸਿਲਵਟਾਂ ਵਿਚ
ਕਿੰਨੇ ਤੂਫ਼ਾਨ ਬਣਨ ਲਈ ਰੁਕੇ ਪਲ
ਪੈੜਾਂ ਛੱਡ ਗਏ
ਕੋਈ ਲੇਖਾ ਜੋਖਾ ਨਹੀਂ ਮਿਲਦਾ

ਫਿਰ...
ਕਿਹੜਾ ਟੋਟਾ ਉਮਰ ਦਾ
ਮਨ ਨੂੰ ਝੁਲਸਾ ਗਿਆ ਕਿੰਨਾ
ਰੋੜ੍ਹ ਕੇ ਲੈ ਗਿਆ ਕੀ ਕੁਝ
ਕੋਈ ਤਸਵੀਰ ਨਹੀਂ ਰਹਿੰਦੀ

ਪਰ ਉਸ ਸਭ ਕੁਝ ਦੇ
ਬੀਜ ਜ਼ਰੂਰ ਬਣਦੇ
ਮਨ ਦੀ ਮਿੱਟੀ ਵਿਚ ਕਿਰਦੇ
ਉਮਰ ਦੀ ਚੱਟਾਨ ਵਿਚ ਸੁਲਗਦੇ
ਸਾਹਾਂ ਵਿਚ ਸਰਸਰਾਉਂਦੇ ਰਹਿੰਦੇ

•

## ਗਰੁੱਪ ਮੈਸਮੈਰਿਜ਼ਮ ਦੇ ਸ਼ਿਕਾਰ

ਨਿੱਕੀ ਜਹੀ
ਮੇਰੀ ਬੱਚੀ ਨੇ ਕਿਹਾ ਸੀ
ਮੰਮੀ ਤੁਸੀਂ ਬੁੱਢੇ ਨਾ ਹੋਣਾ !

ਜੁਆਨ ਹੋਏ ਬੱਚੇ
ਵਾਲਾਂ ਵਿਚ ਸਫ਼ੈਦੀ ਆਈ
ਮੈਂ ਸੋਚਿਆ—
ਵਾਲਾਂ ਨੂੰ ਓਵੇਂ ਹੀ ਹੋਣ ਦੇਵਾਂ
ਜਿਵੇਂ ਇਹ ਹੋਣਾ ਚਾਹ ਰਹੇ ਨੇ

ਮੇਰੀ ਮਾਂ ਨੇ ਕਿਹਾ
ਵਾਲ ਚਿੱਟੇ ਨਹੀਂ ਜਚਦੇ ਅਜੇ
ਬੱਚੇ ਵਿਆਹ ਲੈ...!
ਮਾਂ ਵੀ ਚਾਹੁੰਦੀ ਸੀ
ਮੈਂ ਜਵਾਨ ਨਜ਼ਰ ਆਉਂਦੀ ਰਹਾਂ
(ਜਵਾਨ ਹੋਵਾਂ ਭਾਵੇਂ ਨਾ)

ਬੇਟੀ ਦੀ ਚਾਹਤ
ਮਾਂ ਦੀ ਨਸੀਹਤ
ਪੱਲੇ ਬੰਨ੍ਹ
ਇਕ ਪੀੜ੍ਹੀ ਵਾਸਤੇ ਜੁਆਨ ਮਾਂ
ਦੂਜੀ ਵਾਸਤੇ ਜੁਆਨ ਧੀ ਦੇ
ਸੱਚੇ ਵਿਚ ਢਲੀ/ਵਲੀ ਰਹੀ
ਅਹਿਸਾਸਾਂ ਸਵਾਸਾਂ ਦੇ ਤਾਣੇ ਬਾਣੇ ਵਿਚ

ਕਿਰਿਆਸ਼ੀਲ ਰਹਿਣ ਦਾ ਸੂਤਰ ਸੀ ਵੀ ਆਖ਼ਰ
ਦੋਹਾਂ ਪੀੜ੍ਹੀਆਂ ਵਿਚਕਾਰ

ਸੈਂਡਵਿਚ ਦੇ ਅੰਦਰਲਾ
ਮੱਖਣ, ਜੈਮ, ਚੀਜ਼
ਜਾਂ ਇੰਜ ਦਾ ਕੁਝ ਹੋਣਾ
ਇਕ ਅਸੀਲ ਪੀੜ੍ਹੀ ਦੀ ਫ਼ਰਦ ਮੈਂ
ਜਿਨ੍ਹਾਂ
ਉਮਰ ਸਾਹਵੇਂ ਸਮਰਪਣ ਨਾ ਕੀਤਾ

ਮਨੋਵਿਗਿਆਨੀ
ਕਹਿੰਦੇ ਰਹੇ ਇਸ ਨੂੰ
ਗਰੁੱਪ ਮੈਸਮੈਰਿਜ਼ਮ
ਯਾਨੀ ਜੁਆਨ ਰਹਿਣਾ
ਇਕ ਦੂਜੇ ਦੀ ਰੀਸ
ਇਸੇ ਪ੍ਰਭਾਵ ਦਾ ਲਿਬਾਸ ਪਹਿਨੀ
ਦੁੱਖਾਂ ਨੂੰ ਟੈਸਟਾਂ ਰਾਹੀਂ ਸਹਿਲਾਉਂਦਿਆਂ
ਦਵਾਈਆਂ ਨਾਲ ਵਰਚਾਉਂਦਿਆਂ
ਕਾਰਜਕਾਰੀ ਸੰਦ ਬਣੀ
ਇਕ ਪੀੜ੍ਹੀ ਵਾਸਤੇ ਲੋੜ
ਦੂਜੀ ਲਈ ਫ਼ਰਜ਼ ਪੁਗਾਉਂਦੀ ਰਹੀ ਮੇਰੀ ਪੀੜ੍ਹੀ

ਜਵਾਨੀ ਦਾ ਸ਼ਿਕਾਰ ਪੀੜ੍ਹੀ ਨੂੰ
ਜਾਪਣ ਲੱਗਾ ਅੰਦਰ ਕਿਤੇ ਹੁਣ
ਜਵਾਨ ਜਾਪਦੇ
ਬੱਚਿਆਂ ਨਾਲ ਨਿਭਦਿਆਂ ਮਾਪਿਆਂ ਨੂੰ
ਬੱਚੇ ਸਮਝਦੇ ਨੇ ਅੰਦਰੋਂ

ਵਿਹਾ ਗਏ ਲੋਕ
ਬਜ਼ੁਰਗ ਸਮਝਦੇ ਨੇ

ਨਾ-ਅਹਿਲ ਬੰਦੇ
ਆਇਆ ਹੀ ਨਹੀਂ ਜਿਨ੍ਹਾਂ ਨੂੰ
ਵਿਹਾਰਕ ਹੋਣਾ
ਤੇ ਕਾਬੂ ਰੱਖਣਾ ਆਪਣੇ ਬਾਲਾਂ ਨੂੰ

-2-
ਇਹ ਇਕ ਪੀੜ੍ਹੀ ਤੁਰੀ
ਵਡੇਰਿਆਂ ਨੂੰ ਖ਼ੁਸ਼ ਰੱਖਣ

ਇਹ ਇਕ ਪੀੜ੍ਹੀ ਤੁਰੀ
ਬੱਚਿਆਂ ਨੂੰ ਖ਼ੁਸ਼ ਰੱਖਣ

ਇਹ ਪੀੜ੍ਹੀ ਜਿਨ੍ਹਾਂ ਸਿਖਾਇਆ ਬਾਲਾਂ ਨੂੰ
ਕਦਮ ਪੁੱਟਣੇ, ਪੌੜੀਆਂ ਚੜ੍ਹਨੀਆਂ
ਕਲਮ ਪਕੜਨੀ ਤੇ ਤਰੱਕੀ ਕਰਨੀ

ਇਹ ਇਕ ਪੀੜ੍ਹੀ
ਜਿਨ੍ਹਾਂ ਸਿਖਿਆ ਵਡੇਰਿਆਂ ਤੋਂ ਪੁਰਾਣਾ
ਤੇ ਸੰਭਾਲਣਾ ਪੁਰਾਣੇ ਨੂੰ
ਸਿੱਖਿਆ ਛੋਟਿਆਂ ਤੋਂ
ਨਵਾਂ ਨਵਾਂ ਸਿੱਖਣਾ
ਤੇ ਕੋਸ਼ਿਸ਼ ਕਰਨੀ ਤੁਰਨ ਦੀ
ਨਵਿਆਂ ਦੇ ਨਾਲ

ਇਹ ਇਕ ਪੀੜ੍ਹੀ
ਤੁਰਦਿਆਂ, ਨਵਿਆਂ ਪੁਰਾਣਿਆਂ ਨਾਲ
ਨਵਿਆਂ ਤੋਂ ਪਿੱਛੇ
ਤੇ ਪੁਰਾਣਿਆਂ ਤੋਂ ਵੀ ਪਿੱਛੇ ਹੀ ਰਹਿ ਗਈ

ਇਹ ਇਕ ਪੀੜ੍ਹੀ
ਕਿ ਜਿਸ ਦੇ ਨਿੱਕੇ ਵੀ ਹੋ ਗਏ
ਇਸ ਤੋਂ ਵੱਡੇ
ਵੱਡੇ ਤਾਂ ਪਹਿਲਾਂ ਸਨ ਵੱਡੇ

ਇਹ ਇਕ ਪੀੜ੍ਹੀ
ਤੇਜ਼ ਤੇਜ਼ ਦੌੜਦੀ
ਸੰਭਲ ਸੰਭਲ ਤੁਰਦੀ
ਅੜ ਕੇ ਡਿੱਗ ਪਈ
ਕਿਸੇ ਵੇਲੇ
ਆਪਣੀ ਹੀ ਊਰਜਾ ਨਾਲ
ਸਭ ਦੇ ਮੇਚ ਹੋਣ ਦੀ
ਕੋਸ਼ਿਸ਼ ਕਰਦਿਆਂ

•

## ਪੱਤਝੜ ਦੀ ਜੂਨ

-1-
ਰੋਜ਼ ਮੈਂ ਇਕ ਪੱਤਝੜ ਦੀ
ਜੂਨ ਹੰਢਾਉਂਦੀ ਹਾਂ


ਜਦ ਕਿਸੇ ਰਿਸ਼ਤੇ, ਸਥਿਤੀ, ਯਾਦ
ਤੇ ਪਲ ਦੇ
ਗਹਿਰੇ ਮੋਹ ਵਿਚ
ਸਰਾਬੋਰ ਹੋ ਜਾਂਦੀ ਹਾਂ
ਅਸਹਿ ਜਾਪਣ ਲੱਗਦਾ ਤਦ
ਕਦੇ ਇਸ ਦੇ ਛੁੱਟਣ ਦਾ ਡਰ
ਅਵੇਸਲੇ ਵਰਤਮਾਨ ਦੇ
ਮੇਰੇ ਅੰਦਰ ਬਾਹਰ ਵੱਸੇ ਪਲ
ਤੇ ਚੌਗਿਰਦੇ ਦੇ ਅਵੇਸਲੇ ਪਲਾਂ ਵਿਚਕਾਰ
ਚੇਤਰ ਦੇ ਮਹੀਨੇ
ਕੱਤਕ ਹੰਢਾਉਂਦੀ ਹਾਂ

-2-
ਮੌਸਮਾਂ ਦੇ ਸਾਹਾਂ ਦਾ ਅਸਰ
ਰਿਸਣ ਲੱਗਾ ਹੈ ਮੇਰੇ ਅੰਦਰ ਬਾਹਰ...

ਜਿਵੇਂ ਕੱਤਕ ਦੇ ਮਹੀਨੇ
ਪੱਤਿਆਂ ਨੂੰ ਵਿਦਾ ਕਰਦਿਆਂ
ਬਿਰਖ਼ ਦੇ ਅਹਿਸਾਸਾਂ ਦਾ
ਉਸ ਦੇ ਮੌਨ ਉਹਲੇ ਲੁਕਣਾ
ਤੇ ਸਾਰੇ ਕੁਝ ਨੂੰ ਪਾ ਦੇਣਾ
ਕੁਦਰਤ ਦੀ ਕੁਠਾਲੀ ਵਿਚ
ਕਿ ਨਵੇਲੇ ਪੱਤੇ ਪੁੰਗਰਨਗੇ

ਸਾਵੀਆਂ ਕਿਲਕਾਰੀਆਂ ਦਾ ਨਾਦ ਲੈ ਕੇ
ਤੇ...ਘੁਲ ਜਾਣ ਦੇਣਾ ਸਭ ਕੁਝ
ਨਵੀਂ ਜੂਨ ਵਿਚ ਪੈ ਜਾਣ ਵਾਂਗ...
ਹੁਣ ਮੈਂ ਪੱਤਝੜ ਦੀ ਜੂਨ ਹੰਢਾਉਂਦੀ ਹਾਂ

•



## ਉਹ ਅਹਿਸਾਸ

-1-

ਮੇਰੇ ਹਮਦਮ
ਉਹ ਅਹਿਸਾਸ ਦਿਹ
ਮੇਰੀ ਹੋਂਦ ਨੂੰ
ਜੋ ਤੇਰੇ ਮਨ ਵਿਚ ਫੁੱਟਿਆ
ਮਹਿਕ ਬਣ ਕੇ

ਕੋਈ ਪਿਆਰਾ ਸ਼ਬਦ
ਕਹਿਣ ਤੋਂ ਇਕ ਪਲ ਪਹਿਲਾਂ
ਮਹਿਸੂਸ ਨਾ ਕੀਤਾ ਹੋਵੇ ਜਿਸ ਨੂੰ
ਪੌਣ ਦੀ ਰੁਮਕ ਕੇ ਅਜੇ
ਛੂਹਿਆ ਨਾ ਹੋਵੇ ਜਿਸ ਨੂੰ
ਕਿਸੇ ਬੇਬੋਲ ਥਿਰਕ ਦੀ ਲਹਿਰ ਨੇ ਵੀ
ਪਹਿਨਿਆ ਨਾ ਹੋਵੇ ਜਿਸ ਨੂੰ
ਕਿਸੇ ਵੀ ਸ਼ਬਦ ਨੇ ਅਜੇ

ਉਹ ਅਹਿਸਾਸ ਭਰ...ਸਿਰਫ਼
ਜੋ ਹੋਵੇ ਮੇਰੇ ਤਕ
ਤੇ ਮੇਰੇ ਹੀ ਵਾਸਤੇ ਬਸ...!
ਬਿਨ ਕਾਇਨਾਤ ਦੇ
ਕਿਸੇ ਅੰਸ਼ ਦੀ ਤਸਦੀਕ ਦੇ
ਕਿ ਅਹਿਸਾਸ ਦੇ ਆਪਣੇ ਵੀ
ਪਰ ਹੁੰਦੇ ਹਨ
ਬੋਲ ਹੁੰਦੇ ਹਨ
ਨਾਦ ਹੁੰਦਾ ਹੈ

-2-
ਚਿਤਵਦੀ ਹਾਂ ਜਦ
ਉਸ ਸੁਬਕ
ਪੰਖੜੀ ਛੋਹ ਤੋਂ ਵੀ ਕੋਮਲ
ਪਿਆਰੇ ਅਹਿਸਾਸ ਨੂੰ
ਤਾਂ ਲਹਿਰਨ ਲਗਦੀ ਹਾਂ
ਉਸ ਪਿਆਰ ਦੇ ਤਲਿਸਮ ਵਿਚ
ਜੋ ਵਾਸ਼ਪ ਬਣ ਕੇ
ਮਨ ਦੀ ਮਿੱਟੀ 'ਚੋਂ ਫੁੱਟਦਾ
ਭੂਰ ਬਣ ਕੇ ਵਸਦਾ
ਪਿਆਸ ਦੇ ਹਰੇਕ ਕਿਣਕੇ 'ਤੇ
ਤੇ ਧੁੱਪ ਬਣ ਕੇ
ਰਚ ਜਾਂਦਾ ਫਿਰ
ਹਰਿਆਵਲ ਪੁੰਗਰਾਉਣ ਵਾਸਤੇ

-3-
ਪਿਆਰ ਉਤਰਦਾ ਏ ਜਦ
ਜ਼ਿੰਦਗੀ ਵਿਚ
ਅਹਿਸਾਸ ਬਣ ਕੇ ਰਿਸਦਾ
ਭਰੀ ਭਰੀ ਜ਼ਿੰਦਗੀ
ਉਸੇ ਅਹਿਸਾਸ ਦੀ ਤੰਦ ਬੱਝੀ
ਸਾਰੀ ਦੀ ਸਾਰੀ
ਉਸੇ ਦੀ ਹੋ ਜਾਂਦੀ

•

## ਖ਼ਿਆਲਾਂ ਦਾ ਕਾਰਵਾਂ

ਕਿੱਥੋਂ ਆਉਂਦਾ ਖ਼ਬਰੇ
ਖ਼ਿਆਲਾਂ ਦਾ ਕਾਰਵਾਂ
ਤੂਫ਼ਾਨਾਂ ਵਾਂਗ ਵਹਿੰਦਾ
ਮੇਰੇ ਆਰ ਪਾਰ
ਖੋਰ ਜਾਂਦਾ ਕਿਨਾਰੇ ਤਕ
ਬੇਚੈਨ ਗੁਫ਼ਤਗੂ ਦਾ ਵਹਾਅ ਬਣ ਕੇ

ਮਨ ਨਾਲ ਖੇਡਦੇ ਨੇ ਖ਼ਿਆਲ
ਜਿਵੇਂ ਸ਼ਾਂਤ ਪਾਣੀਆਂ ਦੀ ਸਤਾਹ ’ਤੇ
ਹਵਾ ਦੀ ਜ਼ਿੱਦੀ ਰੁਮਕਣ
ਪਾਣੀਆਂ ਨੂੰ ਕੀਤੀ
ਹਵਾ ਦੀ ਗੁਦਗੁਦੀ ਦੀ
ਖਿੜਖਿੜਾਉਂਦੀ ਛਣਛਣ ਜਿਵੇਂ

ਕਿਸੇ ਖ਼ਿਆਲ ਦਾ ਕਦੇ
ਚੰਨ ਦੀ ਚਾਨਣੀ ਵਾਂਗ
ਹਨੇਰੇ ਦੇ ਘਰ ਮੱਲੋਮੱਲੀ ਮਹਿਮਾਨ ਬਣਨਾ
ਤੇ ਹਨੇਰੇ ਵਰਗੇ ਮਨ ਦਾ
ਚਾਨਣੇ ਅਹਿਸਾਸ ਨੂੰ
ਆਪਣੇ ਵਿਚ ਘੁਲਦੇ ਜਾਣ ਦੇਣਾ ਬਸ...!

ਜਿਵੇਂ ਮਹਿਕ ਦਾ
ਹਵਾ ਦੇ ਮਨਮਤੀਏ
ਸੁਭਾਅ ਦੀ ਅਵਾਰਗੀ ਨੂੰ
ਆਹਿਸਤਾ ਜਿਹੇ ਛੂਹ ਛੂਹ ਜਾਣਾ
ਤੇ ਹਵਾ ਦਾ ਮਹਿਕ ਨੂੰ
ਆਪਣੇ ਸਾਹਾਂ ਵਿਚ ਰਚਦੇ ਜਾਣ ਦੇਣਾ

ਕਿੰਨੇ ਅਜੀਬ ਹੁੰਦੇ
ਭਿੱਜੇ ਸਿੱਜੇ
ਕਦੇ ਪਿਆਸੇ ਜਿਹੇ
ਉੱਡਦੇ ਜਿਹੇ ਮਨ ਵਰਗੇ ਹੀ
ਉੱਡਦੇ ਪੁੱਡਦੇ ਖ਼ਿਆਲ

ਇਹ ਚੇਤਰ ਵਰਗੀ ਜਿੰਦ ਨੂੰ
ਮਹਿਕ ਮਹਿਕ ਕਰ ਜਾਂਦੇ ਖ਼ਿਆਲ

-2-
ਇਹ ਕਦੇ ਕਿਸੇ ਪਲ ਦੇ
ਛੋਹ ਕੇ ਜਗਾਏ
ਅਜਨਬੀ ਜਿਹੇ
ਅਨਜਾਣੇ ਬੇਹਾਲ ਖ਼ਿਆਲ

ਮਨ ਦੇ ਕਿਸੇ ਪਰਬਤ ਦੀ
ਵੱਖੀ ਉਹਲੇ
ਸਹਿਮੀ ਜਿਹੀ ਬੈਠੀ ਹਵਾ ਦੇ
ਬੇਚੈਨ ਹੋ ਕੇ ਉੱਠੇ
ਉਬਾਲ ਜਿਵੇਂ

ਜਾਂ ਕਿਸੇ ਅੰਦਰਲੇ ਸਾਗਰ ਦੇ
ਬਾਹਰੀ ਸ਼ੋਰ ਦੇ ਅੰਦਰ
ਛੱਲਾਂ ਦੀ ਧੱਕੀ ਧਕਾਈ
ਚੁੱਪ ਦੇ ਅਨੁਵਾਦ ਵਾਂਗ

ਕਦੇ ਪਲਾਂ ਦੀਆਂ
ਬਾਹਵਾਂ ਵਿਚ ਕੈਦ ਹੁੰਮਸ ਦੀ

ਹਨੇਰੀ ਵਰਗੀ ਬਗ਼ਾਵਤ...
ਜਾਂ ਚੇਤਿਆਂ ਵਿਚ ਬੈਠੀ ਪੀੜ ਦੀ
ਪਲਾਂ ਦੀ ਬੇਇਨਸਾਫ਼ੀ ਨਾਲ ਬਹਿਸ

ਕਿੱਥੋਂ ਆਉਂਦੇ ਨੇ ਸਾਰੇ ਇਹ
ਕਿੱਥੇ ਹੈ ਖ਼ਿਆਲਾਂ ਦਾ ਘਰ
ਕਿਉਂ ਫਿਰਦੇ ਨੇ
ਦਰ ਬਦਰ ਨਿਤ
ਜਿਵੇਂ ਆਪਣੀ ਖਾਨਾਬਦੋਸ਼ੀ ਦਾ ਬਦਲਾ
ਜ਼ਿੰਦਗੀ ਤੋਂ ਲੈਂਦੇ ਰਹਿੰਦੇ ਹੋਣ

•

## ਜਦ ਤੁਸੀਂ ਔਰਤ ਹੋਵੋ

ਜਦ ਤੁਸੀਂ ਔਰਤ ਹੋਵੋ
ਤੁਸੀਂ ਆਪਣੀਆਂ ਪਰੀ-ਕਥਾਵਾਂ ਵਿਚਲੀ
ਜਾਦੂਗਰਨੀ ਹੁੰਦੇ ਓ

ਤੁਸੀਂ ਉਹ ਜਾਦੂਗਰਨੀ ਨਹੀਂ ਹੁੰਦੇ
ਜੋ ਕਿਸੇ ਨੂੰ ਕੈਦ ਕਰ ਲੈਂਦੀ
ਆਪਣੀ ਗੁਫ਼ਾ ਵਿਚ
ਤੁਸੀਂ ਤਾਂ ਉਹ ਜਾਦੂਗਰਨੀ ਹੁੰਦੇ ਓ
ਜੋ ਖ਼ੁਦ ਨੂੰ ਕੈਦ ਕਰਦੀ...

ਤੇ ਇਸ ਕੰਮ ਵਾਸਤੇ
ਉਸਾਰਦੀ ਉਹ ਕਿੰਨੇ ਸਾਰੇ ਖਾਨੇ
ਜੋ ਉਸ ਦੀ ਅੰਦਰਲੀ ਦੁਨੀਆ ਤੋਂ
ਬਾਹਰਲੀ ਦੁਨੀਆ ਤਕ ਪਸਰੇ ਹੁੰਦੇ
ਫਿਰ ਉਹ ਕਈ ਟੋਟੇ ਕਰਦੀ ਆਪਣੇ
ਤੇ ਹਰ ਖਾਨੇ ਵਿਚ
ਇਕ ਟੋਟਾ ਔਰਤ ਵਸਾ ਦੇਂਦੀ
ਤੇ ਇਸ ਤਰ੍ਹਾਂ ਘੁਮਾ ਦੇਂਦੀ ਉਸ ਨੂੰ
ਕਿ ਉਹ ਦਿੱਤੇ ਗਏ ਕਾਰਜਾਂ ਨੂੰ
ਸਮਰਪਿਤ ਹੋਈ ਰਹੇ

ਫਿਰ ਉਹ ਰਿਸ਼ਤਿਆਂ ਵਿਚ ਵੱਟਦੀ
ਰੂਪਾਂ ਵਿਚ ਵੱਟਦੀ
ਚੰਨ ਵਾਂਗ ਵਧਦੀ ਘਟਦੀ
ਆਪਣੇ ਹਿੱਸੇ ਦਾ ਪੂਰਾ ਚੰਨ
ਉਡੀਕਦੀ ਹੀ ਰਹਿੰਦੀ...

ਜਦ ਤੁਸੀਂ ਔਰਤ ਹੋਵੋ
ਤੁਸੀਂ ਆਪਣੇ ਅੰਦਰ
ਲੰਬੀ ਨੀਂਦ ਸੁੱਤੀ
ਉਹ ਰਾਜਕੁਮਾਰੀ ਹੁੰਦੇ ਹੋ
ਜੋ ਜਾਲੀਦਾਰ ਸੁਪਨਿਆਂ ਦੇ
ਰੰਗਾਂ 'ਚੋਂ ਤੱਕਦੀ ਤੇ ਉਡੀਕਦੀ
ਉਹ ਮਨ ਦਾ ਮੀਤ
ਜੋ ਮੋਹ ਦੀਆਂ ਤੰਦਾਂ ਵਿਚ ਲਿਪਟਿਆ
ਕਦਮ ਕਦਮ ਨਾਲ ਤੁਰਦਾ
ਤੇ ਆਪਣੇ ਨਾਲ ਤੋਰਦਾ ਉਸ ਨੂੰ

ਪਰ ਜਦੋਂ ਤੁਸੀਂ ਨੀਂਦ 'ਚੋਂ ਜਾਗਦੇ ਹੋ
ਤੁਹਾਡੇ ਜ਼ਖ਼ਮੀ ਸੁਪਨੇ
ਚੁਫ਼ੇਰੇ ਦੀਆਂ ਕੰਡਿਆਲੀਆਂ ਝਾੜੀਆਂ ਤੇ
ਟੰਗੇ ਹੀ ਰਹਿ ਗਏ ਹੁੰਦੇ
ਤੇ ਤੁਸੀਂ ਅਜਨਬੀ ਦੁਨੀਆ ਦੇ ਵਾਸੀ ਹੁੰਦੇ ਹੋ
ਜਿੱਥੇ ਕੋਈ ਨਹੀਂ ਜਾਣਦਾ ਤੁਹਾਨੂੰ
ਨਾ ਤੁਸੀਂ ਕਿਸੇ ਨੂੰ ਜਾਣਦੇ...
ਪਰ...ਉਹੀ ਦੁਨੀਆ ਤੁਹਾਡਾ ਨਸੀਬ ਹੁੰਦੀ
ਜਦ ਤੁਸੀਂ ਔਰਤ ਹੋਵੋ

ਜਦ ਤੁਸੀਂ ਔਰਤ ਹੋਵੋ
ਤੁਸੀਂ ਆਪਣੀ ਪਰੀ ਕਥਾ ਦੀ
ਉਹ ਨਾਇਕਾ ਚਿੜੀ ਹੁੰਦੇ ਹੋ
ਜੋ ਆਪਣੇ ਨਾਇਕ ਦੀ ਖ਼ਾਤਰ
ਗ੍ਰਹਿਸਥੀ ਦੇ
ਭਿੜਦੇ ਪੱਥਰਾਂ ਵਾਲੇ ਖੂਹ 'ਚੋਂ

ਅੰਮ੍ਰਿਤ ਦੇ ਕਤਰੇ ਲੈਣ ਉਤਰਦੀ
ਆਪਣੇ ਖੰਭ ਤੁੜਵਾ ਬਹਿੰਦੀ
ਪਰ ਆਪਣਿਆਂ ਦੀ ਖ਼ਾਤਰ
ਟੁੱਟੇ ਖੰਭਾਂ ਦਾ ਗਿਲਾ ਨਹੀਂ ਕਰਦੀ
ਬਿਨ ਪਰਾਂ ਤੋਂ ਹੀ ਜੀਣਾ ਸਿੱਖ ਜਾਂਦੀ


ਜਦ ਤੁਸੀਂ ਔਰਤ ਹੋਵੋ
ਤੁਸੀਂ ਸੁਪਨੇ ਸਿਰਜਦੇ ਹੋ
ਆਪਣੇ ਲਈ ਤੇ ਆਪਣਿਆਂ ਲਈ
ਤੇ ਫਿਰ ਆਪਣਿਆਂ ਦੇ ਸੁਪਨਿਆਂ ਦੀਆਂ
ਫ਼ਸਲਾਂ ਦੀ ਖ਼ਾਤਰ
ਆਪਣੇ ਸੁਪਨੇ, ਚਿਣੀ ਚਿਣੀ ਕਰ
ਖਾਦ, ਕਦੇ ਪਾਣੀ ਬਣਾ ਕੇ ਪਾ ਦੇਂਦੇ ਹੋ
ਤੇ ਵਿਚਾਰੀ ਜਿਹੀ
ਸਾਧਨ ਹੀਣ ਔਰਤ ਬਣ ਕੇ ਜੀਂਦੇ ਰਹਿੰਦੇ ਹੋ...
ਤੇ ਭੁੱਲ ਜਾਂਦੇ ਹੋ
ਆਪਣੀ ਉਸ ਜਾਦੂਈ ਸ਼ਕਤੀ ਨੂੰ
ਜਿਸ ਨਾਲ ਤੁਸੀਂ
ਚੁਫ਼ੇਰੇ ਵਸਦੀ ਰਸਦੀ ਦੁਨੀਆ ਦਾ
ਅੱਧਾ ਹਿੱਸਾ ਹੁੰਦਿਆਂ
ਬਾਕੀ ਦਾ ਅੱਧ ਉਸਾਰਦੇ ਹੋ
ਆਪਣੇ ਲਹੂ, ਮਾਸ, ਦਿਲ, ਜਿਗਰ
ਸਾਹਾਂ, ਉਮਾਹਾਂ ਤੇ ਰੰਗਾਂ ਤਰੰਗਾਂ ਨਾਲ
ਹੁਣ ਉਹੀ ਜਾਦੂਈ ਛੜੀ ਜਿਹੀ ਸ਼ਕਤੀ
ਤੁਹਾਡੇ ਅੰਦਰਲੇ
ਕਿਸੇ ਕਬਾੜਖਾਨੇ ਦੀ ਨੁੱਕਰੇ ਪਈ
ਸਹਿਕ ਰਹੀ ਹੁੰਦੀ ਹੈ

...ਤੇ ਤੁਸੀਂ ਇਹ ਵੀ ਭੁੱਲ ਗਏ ਹੁੰਦੇ ਹੋ
ਕਿ ਉਹ ਜਾਗ ਵੀ ਜਾਏਗੀ
ਤੁਹਾਡੀ ਇਕੋ ਛੋਹ ਨਾਲ ਬਸ...!

ਉਡੀਕ ਰਹੀ ਹੁੰਦੀ ਏ ਉਹ ਤਾਂ...
ਤੁਹਾਡੀ ਉਹੀ ਜਾਦੂਈ ਛੋਹ ਬਸ
...ਕਿਉਂਕਿ ਤੁਸੀਂ ਜਾਦੂਗਰਨੀ ਹੁੰਦੇ ਓ
ਜਦ ਤੁਸੀਂ ਔਰਤ ਹੋਵੋ

**(ਮਹਿਲਾ ਦਿਵਸ ਨੂੰ ਸਮਰਪਿਤ)**

•



## ਪਲ

ਮੇਰੇ ਹਮਸਫ਼ਰ
ਬਹੁਤ ਸੁਖਾਵਾਂ ਤਾਂ ਨਹੀਂ ਰਿਹਾ
ਸਫ਼ਰ ਦਾ ਹਿੱਸਾ
ਕਿ ਵਰ੍ਹਿਆਂ ਦੇ ਵਰ੍ਹੇ
ਮੇਰੀ ਸਖ਼ਤ ਮਿਹਨਤ ਦਾ
ਪੈਂਦੇ ਰਹਿਣਾ ਲਗਾਤਾਰ
ਮਰਦਾਵੀਂ ਹਉਮੈ ਦੇ ਲਿਫ਼ਾਫ਼ੇ ਵਿਚ

ਹਰ ਵਾਰ, ਮੇਰੀ ਜਿੰਦ ਜਾਨ ਨਾਲ ਜੋੜੀ ਹਵਾ ਦਾ
ਸਹਿਜ ਸੁਭਾ ਰਲਦੇ ਜਾਣਾ
ਪਰਿਵਾਰ ਦੇ ਸਾਹਾਂ ਦੀ ਹਵਾ ਵਿਚ
ਬੇ-ਨਾਵੀਂ ਤੇ ਬਿਨ ਤਸਦੀਕ

ਚਿਤਵੀ ਜ਼ਿੰਦਗੀ ਦੀ ਸੂਹ ਲੈਂਦਿਆਂ
ਤੁਰਦੇ ਹੀ ਰਹਿਣਾ ਮੇਰਾ
ਫ਼ਰਜ਼ ਦੀ ਪਗਡੰਡੀ 'ਤੇ
ਬਿਨਾਂ ਕਿਸੇ ਉਜਰ

ਹਰ ਪਲ ਦੀ ਪੁੜੀ 'ਚੋਂ
ਆਪਣੇ ਕਿਸਮਤੀ ਪਲ
ਨਿਕਲ ਆਉਣ ਦੀ ਉਡੀਕ ਕਰਦੇ ਰਹਿਣਾ

ਜਾਂ ਥੱਪਦੇ ਰਹਿਣਾ
ਸੋਚ ਦੀ ਕੱਚੀ ਮਿੱਟੀ ਦੇ
ਖਿਡੌਣਿਆਂ ਵਰਗੇ ਪਲ
ਤੇ ਫਿਰ ਉਨ੍ਹਾਂ ਲਈ
ਮਨਚਾਹੇ ਰੰਗ ਲੱਭਦਿਆਂ

ਭੁਰ ਜਾਣੀ ਮਿੱਟੀ ਹਰ ਵਾਰ

ਔਖਾ ਸੀ ਬਹੁਤ ਸਭ
ਅਸਹਿ ਵੀ ਕਈ ਵਾਰ
ਹਮਦਰਦ ਨਹੀਂ ਸਨ ਰਸਤੇ ਵੀ
ਪਰ ਵਿਚ ਵਿਚਾਲੇ ਤੂੰ
ਮੈਨੂੰ ਕੁਝ ਸੰਵੇਦਨਾਤਮਕ ਪਲ ਦਿੱਤੇ
ਜੋ ਸਿਰਫ਼ ਮੇਰੇ ਨਾਮ ਸਨ...

ਉਹ ਬੜੇ ਵੱਡੇ ਸਿਰਜਕ
ਬੜੇ ਉਪਜਾਊ ਨਿਕਲੇ...

ਉਨ੍ਹਾਂ ਨੇ ਮੇਰੀ ਸੰਵੇਦਨਾ ਵਿਚ
ਬਾਰ ਬਾਰ ਫ਼ਸਲਾਂ ਬੀਜੀਆਂ
ਜਿਨ੍ਹਾਂ ਦੇ ਸਾਵੇ ਲਹਿਲਹਾਉਂਦੇ ਚਿਹਰੇ
ਮੇਰੇ ਬੇਚੈਨ ਯੁੱਗਾਂ ਵਿਚ
ਚੈਨ ਦੇ ਉਹ ਬਿਰਖ ਬਣ ਕੇ
ਉੱਗ ਖਲੋਂਦੇ ਰਹੇ
ਜਿਨ੍ਹਾਂ 'ਤੇ ਮੋਹ ਦੇ ਸਿਰਨਾਵੇਂ ਵਾਲੇ
ਪੱਤੇ ਲਹਿਰਦੇ ਹੁੰਦੇ

ਉਨ੍ਹਾਂ ਸਿਰਨਾਵਿਆਂ ਦੇ
ਪਰਛਾਵਿਆਂ ਦੀ ਨਿਸ਼ਾਨਦੇਹੀ 'ਤੇ
ਹਰ ਵਾਰ ਜ਼ਿੰਦਗੀ ਵੱਲ
ਤੁਰ ਪੈਂਦੀ ਰਹੀ ਮੈਂ...

ਥਲਾਂ ਵਿਚ ਕੁਝ ਹੀ ਕਤਰੇ
ਤੇ ਕਈ ਵਾਰ

ਉਨ੍ਹਾਂ ਦੀ ਕੋਰੀ ਆਸ
ਤੇ ਕਈ ਵਾਰ ਤਾਂ ਸਿਰਫ਼
ਮ੍ਰਿਗ ਤ੍ਰਿਸ਼ਨਾ ਹੀ
ਪੂਰੇ ਦੇ ਪੂਰੇ ਥਲ ਪਾਰ ਕਰਵਾ ਜਾਂਦੀ

ਇਹ ਤਾਂ ਫਿਰ
ਅਪਣੱਤ ਦੇ ਅਹਿਸਾਸ ਭਰੇ
ਸੱਚਮੁੱਚ ਦੇ ਪਲ ਸਨ

•



## ਮੌਸਮ ਦਾ ਪਹਿਲਾ ਫੁੱਲ

ਕਿਸੇ ਬਿਰਖ 'ਤੇ
ਖਿੜਨ ਵਾਲਾ ਹੁੰਦਾ ਜਦ
ਮੌਸਮ ਦਾ ਪਹਿਲਾ ਫੁੱਲ
ਇਕ ਹੁਲਾਸ ਦੀ ਲਹਿਰ
ਬਹਾਰ ਬਣ ਕੇ ਸੋਮਨ ਹੁੰਦੀ...

ਸੁਣ ਲੈਂਦਾ ਹੋਵੇਗਾ ਬਿਰਖ
ਆਪਣੇ ਠਰੇ ਸਰੀਰ ਵਿਚੋਂ
ਦੂਰ ਕਿਤੋਂ ਪੌਣਾਂ ਰਾਹੀਂ
ਉਸ ਬਹਾਰ ਦੀ ਪੰਜੇਬ ਦੇ
ਘੁੰਗਰੂ ਦੀ ਨਿਮ੍ਹੀ ਜਿਹੀ ਛਣਕ

ਜਗਾਉਣ ਲਗਦਾ ਹੋਵੇਗਾ ਫਿਰ
ਆਪਣੇ ਅੰਦਰ ਕਿਤੇ
ਲੰਮੀ ਨੀਂਦ ਸੁੱਤੇ
ਫੁੱਲਾਂ ਦੇ ਮੇਲੇ 'ਚੋਂ ਪਲੇਠੀ ਦੇ ਫੁੱਲ ਨੂੰ

ਬਣ ਜਾਂਦੇ ਹੋਣਗੇ ਚਾਣਚੱਕ
ਇਸ ਕਨਸੋ ਨਾਲ
ਸਮੁੱਚੇ ਬਿਰਖ ਘਰ ਵਿਚ
ਉਤਸਵ ਦੇ ਆਸਾਰ

ਚਾਈਂ ਚਾਈਂ ਕਰਦੀਆਂ ਹੋਣਗੀਆਂ ਜੜ੍ਹਾਂ
ਆਪਣਾ ਸਾਂਭਿਆ ਨਿਕਸੁੱਕ
ਪੀੜ੍ਹੀਆਂ ਦੇ ਨੱਕ ਨਕਸ਼ੇ ਸਮੇਤ
ਫੁੱਲ ਸਿਰਜਣ ਵਿਚ ਰੁੱਝੀ
ਬਿਰਖ਼ ਦੀ ਲਗਰ ਦੇ ਹਵਾਲੇ

ਟਾਹਣੀਆਂ ਨੂੰ ਅਮਾਨਤ ਸੌਂਪਦਿਆਂ
ਪਾ ਦੇਂਦਾ ਹੋਵੇਗਾ ਤਨਾ ਬਿਰਖ਼ ਦਾ
ਆਪਣੇ ਮੋਹ ਦਾ ਨਿਉਂਦਰਾ ਵੀ

ਸਰਸਰਾਉਂਦੇ, ਰਾਗਨੀਆਂ ਗਾਉਂਦੇ ਪੱਤੇ
ਸੂਰਜ ਦੀ ਚਾਨਣੀ ਰਸਦ ਨਾਲ
ਸਿਰਜ ਕੇ ਭੇਜ ਦੇਂਦੇ ਹੋਣਗੇ
ਮਹਿਕ ਭਰੇ ਮਨਮੋਹਣੇ
ਅਨੂਠੇ ਖਾਨਦਾਨੀ ਰੰਗ
ਫੁੱਲ ਜਨਮਣ ਵਾਲੀਆਂ
ਗਰਭਣ ਕੋਸ਼ਿਕਾਵਾਂ ਵੱਲ

ਕਿੰਨੇ ਸਾਰੇ ਚਾਅ ਭਰੇ
ਚਾਨਣੇ ਸਿਲਸਿਲਿਆਂ ਦੇ
ਨਾਦ ਦੀ ਲਹਿਰ
ਝਨਝਨਾਹਟ ਬਣ ਜਾਂਦੀ ਹੋਵੇਗੀ
ਬਿਰਖ ਦੇ ਵਜੂਦ ਵਿਚ

ਉਮਾਹ ਭਰੀ ਹਲਚਲ
ਤੇ ਉਤਸੁਕ ਬੇਚੈਨੀ ਨਾਲ
ਲਬਰੇਜ਼ ਹੋਇਆ ਬਿਰਖ
ਦੇਂਦਾ ਹੋਵੇਗਾ ਵਰਦਾਨ
ਗਰਭਵਤੀ ਕੋਸ਼ਿਕਾਵਾਂ ਨੂੰ
ਆਪਣੇ ਭਾਵਾਂ ਦੇ ਨਿੱਘ
ਤਸੱਲੀ ਦੀ ਸੀਤਲਤਾ
ਤੇ ਹੌਂਸਲੇ ਦੀ ਤਾਕਤ ਦੇ
ਸਾਰੇ ਸਹੇਜੇ ਖ਼ਜ਼ਾਨੇ ਦਾ

ਕਿ ਖਿੜਾਉਣਾ ਹੁੰਦਾ ਉਨ੍ਹਾਂ ਨੇ
ਉਸ ਪਹਿਲੇ ਫੁੱਲ ਨੂੰ
ਜੋ ਬਿਰਖ ਦੀ ਸਮਰੱਥਾ ਦਾ ਮੁਜੱਸਮਾ
ਤੇ ਕਈ ਫੁੱਲ ਲੜੀਆਂ ਦਾ
ਮੋਢੀ ਹੋਣਾ ਹੁੰਦਾ
ਉਹ ਸ਼ੋਖ ਖ਼ੂਬਸੂਰਤੀ
ਤੇ ਨੰਨ੍ਹੀ ਨਜ਼ਾਕਤ ਵਿਚ ਲਿਪਟਿਆ
ਬਿਰਖ ਦਾ ਵੱਡਾ ਵਡੇਰਾ
ਉਸ ਦਾ ਪਿਤਰ ਬੀਜ ਹੋਣਾ ਹੁੰਦਾ
ਕਿ ਪਿਤਰ ਬਾਲਾਂ ਵਿਚ
ਮੁੜ ਬਾਲ ਬਣ, ਆ ਕੇ ਹੀ ਵਸਦੇ

•

## ਭੀੜ

ਤੁਰਦੀ ਰਹਿੰਦੀ ਹਾਂ
ਹਰੇਕ ਰਿਸ਼ਤੇ ਵੱਲ
ਆਪੇ ਸਿਰਜੀ ਮੋਹ ਦੀ ਲਹਿਰ 'ਤੇ
ਅਕਸਰ ਉਪਜਦੇ ਨੇ ਇਸ ਸਫ਼ਰ 'ਚੋਂ
ਦੁੱਖ, ਪਰੇਸ਼ਾਨੀ ਤੇ ਬੇਚੈਨੀ
ਇਸੇ ਭੀੜ ਵਿਚ ਘਿਰ ਜਾਂਦੀ ਹਾਂ

ਸੋਚਦੀ ਹਾਂ—
ਖ਼ੁਦ ਹੀ ਤਾਂ ਦੇਂਦੀ ਹਾਂ
ਦਾਅਵਤ ਤੇ ਇਜਾਜ਼ਤ
ਰਿਸ਼ਤਿਆਂ ਨੂੰ
ਮੇਰੇ ਅਹਿਸਾਸਾਂ ਦੇ ਕੈਨਵਸ ਤੇ
ਜ਼ਖ਼ਮ ਵਾਹੁੰਦੇ ਰਹਿਣ ਦੀ

ਅਲੱਗ ਕਰ ਲੈਂਦੀ ਹਾਂ ਖ਼ੁਦ ਨੂੰ
ਸਾਰੇ ਰਿਸ਼ਤਿਆਂ ਤੋਂ
ਹੁਣ ਘਿਰੀ ਹਾਂ ਸੁੰਨ ਦੀ ਭੀੜ ਵਿਚ

•

## ਡੋਲਦੇ ਪਲ

ਅਜੀਬ ਦੌਰ ਹੈ...
ਮੇਰੇ ਸਾਹ
ਜਿਨ੍ਹਾਂ ਸ਼ਬਦਾਂ ਦੇ ਸੰਗ ਵਿਚ
ਗੁਨਗੁਨਾਹਟ ਸਿਰਜਣੀ ਸੀ
ਰੋਕੇ ਨੇ ਰਸਤੇ ਉਨ੍ਹਾਂ ਨੇ
ਹਰੇਕ ਤਾਨ ਦੇ
ਤੇ ਥਿੜਕ ਰਿਹਾ ਹੈ
ਗੁਣਗੁਣਾਉਣ ਦਾ ਆਲਮ
ਜਿਸ ਮੇਰੇ ਮਨ ਦੇ ਨਾਦ ਵਿਚ ਢਲਣਾ ਸੀ

ਡੋਲਦੇ ਪਲਾਂ ਦੀ ਕਦਮ ਤਾਲ ਨੇ
ਲਾਹ ਦਿੱਤਾ ਹੈ ਇਸ ਵਾਰ ਹੁਣ
ਮੇਰੇ ਅੰਦਰ ਸੁੱਤੀ
ਊਰਜਾ ਉਤਲਾ ਗਿਲਾਫ਼

ਤੇ ਹੁਣ
ਉਹੋ ਥਿੜਕ
ਤਬਲੇ ਦੀ ਥਾਪ ਵਾਂਗ
ਸ਼ਬਦਾਂ ਦਾ ਸੰਗ ਕਰ ਰਹੀ ਹੈ

•

## ਖੋਜ

ਉੱਭਰ ਉੱਭਰ ਆਉਂਦਾ ਏ ਅਕਸਰ
ਮੇਰੇ ਵਿਚੋਂ ਮੇਰਾ ਮਨ
ਚਿਹਰੇ ਤੇ ਉੱਭਰੇ ਧੱਫੜਾਂ ਵਾਂਗ
ਕਦੇ ਪਾਣੀ ਵਿਚ ਘੁਲੀ
ਬੇਚੈਨ ਹਵਾ ਦੇ ਬੁਲਬੁਲਿਆਂ ਵਾਂਗ
ਕਦੇ ਸਭ ਪਾਸਾਰਾਂ 'ਤੇ ਫੈਲੇ ਹੋਏ ਸਮੇਂ ਵਾਂਗ

ਖ਼ੁਦ ਨੂੰ ਵਿਸਥਾਰ ਕੇ
ਕਹਿਣਾ ਚਾਹੁੰਦਾ ਕੁਝ
ਜਾਂ ਇਹ ਕੋਸ਼ਿਸ਼ ਕਰ ਰਿਹਾ
ਮੈਨੂੰ ਪਰਿਭਾਸ਼ਤ ਕਰਨ ਦੀ
ਤੇ ਉਹ ਵੀ ਮੇਰੇ ਹੀ ਰਾਹੀਂ

ਬੇਵਕੂਫ਼ੀ ਦੀ
ਆਖ਼ਰੀ ਹੱਦ ਤਕ ਅਲੜ੍ਹ ਇਹ
ਆਪਣੇ ਫ਼ੈਲਾਅ ਵਿਚਲੇ ਖ਼ਲਾਅ ਦੀਆਂ
ਹੱਦਾਂ ਤਕ ਪਸਰਿਆ
ਹਵਾ ਦੀ, ਬੇਪਰਵਾਹੀ ਦੀ ਸਿਨਫ਼ ਵਾਂਗ
ਐਵੇਂ ਕਿਵੇਂ ਹਰ ਥਾਂ ਭਟਕਦਾ

ਕਦੇ ਆਪਣੇ ਹੀ ਬੱਦਲਾਂ ਉਹਲੇ ਲੁਕਦਾ
ਤਪਸ਼ ਕਦੇ ਚਾਨਣ ਨਾਲ
ਕਦੇ ਆਪਣੇ ਹੀ ਲਾਵਿਆਂ ਨਾਲ ਝੁਲਸਦਾ
ਕਦੇ ਮਨਮਰਜ਼ੀ ਨਾਲ ਵਿਚਰਦਾ ਧੁੱਪ ਵਾਂਗ

ਕਦੇ ਡੁਲ੍ਹਣ ਦੇਂਦਾ ਗੁਬਾਰ
ਕਦੇ ਘੁਟ ਘੁਟ ਲੁਕਾਉਂਦਾ ਉਬਾਲ

ਸਰੀਰ ਵਿਚ ਕਿਸੇ ਅਣਹੋਂਦ ਵਾਂਗ ਰਹਿੰਦਾ
ਅਣਹੋਇਆ ਜਿਹਾ
ਅਣਛੋਹਿਆ ਜਿਹਾ
ਪਸਰਿਆ ਜਿਹਾ
ਵਿਸਰਿਆ ਜਿਹਾ
ਕਾਲ ਵਾਂਗ, ਸਮਕਾਲ ਵਾਂਗ
ਅਨੰਤ ਕਾਲ ਵਾਂਗ

ਪਤਾ ਨਹੀਂ ਹੈ ਕਿੱਥੇ ?
ਤੇ ਕਿੱਥੇ ਹਾਂ ਮੈਂ
ਇਸ ਦੇ ਪਸਾਰੇ ਵਿਚ
ਅਜਬ ਖਿਲਾਰੇ ਵਿਚ
ਧੁੰਦੂਕਾਰੇ ਵਿਚ
ਆਪਣੀ ਖੋਜ ਵਿਚ ਹਾਂ...

•

## ਉਮਰ ਦੇ ਪੱਤਣ ’ਤੇ

-1-
ਇਕੱਲ ਦੀ ਸੀਤ ਨਾਲ ਭਰੇ
ਸਾਰੇ ਵਰ੍ਹੇ ਮੇਰੇ
ਬੈਠੇ ਨੇ ਰੋਸੇ ਦੀ ਬੁੱਕਲ ਮਾਰੀ

ਹੌਲੀ ਹੌਲੀ ਸਰਕਾਉਂਦੀ ਹਾਂ
ਉਨ੍ਹਾਂ ਦੇ ਪੈਰਾਂ ਹੇਠੋਂ
ਦਰੜੀ, ਮਸਲੀ, ਮਿੱਧੀ ਹੋਈ
ਵੱਟੋ ਵੱਟ
ਜੀਂਦੇ ਹੋਣ ਦੇ ਅਹਿਸਾਸ ਦੀ ਧੁੱਪ
ਛੰਡਦੀ ਹਾਂ ਉਦਾਸੀ ਉਸ ਦੀ
ਖਿਲਾਰ ਦੇਂਦੀ ਹਾਂ
ਵਰ੍ਹਿਆਂ ਦੀ ਬੁੱਕਲ ’ਤੇ
ਕਿ ਕੁਝ ਪਿਘਲੇ...
ਹੁਣ ਪਿਘਲਣਾ ਹੀ ਚਾਹੀਦਾ
ਜੀਂਦੇ ਹੋਣਾ ਵੀ ਬਹੁਤ ਕੁਝ ਹੁੰਦਾ ਏ

-2-
ਉਮਰ ਦੇ ਇਸ ਪੱਤਣ ’ਤੇ
ਮੇਰੇ ਅੰਦਰੋਂ ਫੁੱਟ ਪਈ ਏ
ਇਕ ਹੋਰ ਮੈਂ
ਖਲੋ ਗਈ ਹੈ ਬਰਾਬਰ ਮੇਰੇ

ਨਹੀਂ ਸਹਿੰਦੀ ਉਹ
ਜ਼ਰਾ ਵੀ ਰੋਕ ਟੋਕ ਮੇਰੀ
ਖ਼ੁਦ ਤਕ ਦੀ ਵੀ ਨਹੀਂ

ਨਾ ਤਸਦੀਕ ਹੀ ਕਰਨਾ ਚਾਹੁੰਦੀ
ਦਿੱਖ, ਅਦਿੱਖ ਕੰਧਾਂ ਦੀ ਹੋਂਦ

ਪਲੋਸਣ ਲੱਗੀ ਹੈ
ਆਪਣੇ ਅਤੀਤ ਦੇ ਜ਼ਖ਼ਮਾਂ ਦੇ ਨਿਸ਼ਾਨ
ਰੱਖਣ ਲੱਗੀ ਹੈ ਮੋਹ ਦੇ ਫਹੇ
ਸਦਾ ਬਹਾਰ ਜ਼ਖ਼ਮਾਂ 'ਤੇ

ਭਵਿੱਖ ਨੂੰ ਕਰ ਰਹੀ ਹੈ ਆਜ਼ਾਦ
ਜ਼ਿਹਨ ਨੂੰ ਕੈਦ ਵਿਚ ਰੱਖਣ ਦੀ
ਲਗਾਤਾਰ ਪਹਿਰੇਦਾਰੀ ਤੋਂ
ਵਰਤਮਾਨ ਨੂੰ ਪਹਿਨ ਕੇ
ਛੱਡ ਰਹੀ ਹੈ ਖ਼ੁਦ ਨੂੰ
ਖੁੱਲ੍ਹੀ ਫ਼ਿਜ਼ਾ ਦੀਆਂ ਲਹਿਰਾਂ ਦੀ
ਬੇਫ਼ਿਕਰ ਰਵਾਨੀ ਵਿਚ

ਵਹਿਣ ਲੱਗੀ ਹੈ
ਸ਼ਾਂਤ ਨਦੀ ਦਾ ਵਹਾਅ ਬਣ ਕੇ
ਰਿਸ਼ਤਿਆਂ ਦੀਆਂ ਕੰਡਿਆਲੀਆਂ
ਤੇ ਪਥਰੀਲੀਆਂ ਪੈੜਾਂ 'ਤੇ

ਆਪਣੇ ਹੀ ਨਾਦ ਦੀਆਂ
ਲਹਿਰਾਂ ਵਿਚ ਮਘਨ
ਚਾਹੁਣ ਲੱਗੀ ਏ ਹੁਣ
ਸਹਿਜ ਦਾ ਸਫ਼ਰ ਹੋ ਜਾਣਾ
ਡੈਲਟੇ ਦਾ ਲੰਮੇਰਾ ਵਹਾਅ ਹੋਣਾ
ਚੁੱਕਣ ਲੱਗੀ ਹੈ

ਵਰ੍ਹਿਆਂ ਦੇ ਪੱਥਰਾਂ ਦਾ ਭਾਰ
ਉਮਰ ਹੇਠ ਦੱਬੀਆਂ ਤਾਨਾਂ ਤੋਂ ਹੁਣ

ਚਾਹੁਣ ਲੱਗੀ ਹੈ ਕਲਾਵੇ ਵਿਚ ਲੈਣਾ
ਸਾਰੀ ਕਾਇਨਾਤ ਨੂੰ
ਤੇ ਆਪਣੇ ਆਪ ਨੂੰ ਵੀ


ਤੇ ਇੰਜ ਕਰਦਿਆਂ
ਬਣ ਜਾਂਦੀ ਹੈ ਅੱਜ ਕੱਲ੍ਹ ਉਹ
ਆਪਣੀ ਬੱਚੀ
ਤੇ ਕਦੇ ਆਪਣੀ ਹੀ ਮਾਂ
ਤੇ ਫਿਰ ਮੋਹ-ਰੱਤੀ, ਮੋਹ-ਮੱਤੀ
ਹੋ ਹੋ ਜਾਂਦੀ

ਬੱਚੀ ਕਦੇ ਮਾਂ ਦੇ
ਸਮੇਂ ਦੀ ਮਿੱਟੀ ਹੇਠ
ਘੁੱਟੇ ਹੋਏ ਪਿਆਰ ਨੂੰ ਪੁੰਗਰਾਉਂਦੀ
ਖਿਲਰੇ ਅਹਿਸਾਸਾਂ ਨੂੰ ਸਮੇਟਦੀ

ਪਤਾ ਨਹੀਂ
ਕਦੋਂ ਤੋਂ ਵੱਸ ਰਹੀ ਸੀ ਉਹ
ਅੰਦਰ ਮੇਰੇ ਬਿਲਕੁਲ ਇਕੱਲੀ
ਆਪਣੀ ਕਿਸੇ ਨੁੱਕਰੇ ਬੈਠੀ
ਤੇ ਮੈਂ ਲੱਭ ਰਹੀ ਸੀ ਬਾਹਰੋਂ
ਕਈ ਕੁਝ ਹੋਰ ਵਿਚੋਂ
ਜਿਵੇਂ ਰੱਬ ਨੂੰ ਲੱਭਦਾ ਰਹਿੰਦਾ ਕੋਈ
ਪੱਥਰਾਂ, ਪਹਾੜਾਂ, ਕੰਦਰਾਂ 'ਚੋਂ

ਗਹਿਰੀ ਉਦਾਸ ਮੈਂ
ਹੋ ਗਈ ਹਾਂ ਹੁਣ
ਇਕ ਭਰਪੂਰ ਦੁਨੀਆ

•



## ਮਿੱਟੀ ਝੜਨ ਪਿੱਛੋਂ

ਆਖ਼ਰ ਜ਼ਮੀਨ ਦਾ ਉਹ ਟੋਟਾ ਵਿਕ ਗਿਆ
ਜੋ ਵਕਤੀ ਸਿਆਣਪ
ਤੇ ਚੁਫ਼ੇਰੇ ਦੀ
ਦੌੜ ਦੇ ਧੱਕਿਆਂ ਵਿਚਕਾਰ
ਡੱਕੇ ਡੋਲੇ ਖਾ ਰਿਹਾ ਸੀ

ਵਿਕਾਸ ਦੀ ਮੰਡੀ ਜ਼ੋਰਾਂ 'ਤੇ ਸੀ
ਕਿੰਨੇ ਦਿਨ ਅੜਦਾ ਆਖ਼ਰ...

ਮੌਸਮਾਂ ਦੇ ਹਰਿਆਲੇ ਫੁੱਲਦਾਰ ਮਨ ਵਿਚ ਤਾਂ
ਲਿਬਾਸ ਉਣਦੀ ਮਿੱਟੀ ਦੇ
ਹੋਣ ਦਾ ਅਹਿਸਾਸ
ਮਾਣ ਭਰੀ ਅਪਣੱਤ ਦੀ ਸ਼ਾਹਦੀ ਭਰਦਾ ਸੀ
ਉਸ ਦੀਆਂ ਤੰਦਾਂ ਨਾਲ ਪਰੁੱਚੇ ਸਨ
ਪਿਤਰੀ ਰਿਸ਼ਤਿਆਂ ਦੇ ਮਣਕੇ

...ਮਨ ਵਿਚ ਪੈਂਡੂਲਮ ਵਾਂਗ
ਪਲਮਦਾ, ਧੜਕਦਾ ਰਿਹਾ ਉਹ ਟੋਟਾ

ਰਿਸ਼ਤੇ ਦੀ ਪਗਡੰਡੀ ਤੋਂ ਨਿਖੜਦੇ ਹੀ
ਕਈ ਕੁਝ ਅਣਗੌਲਿਆ ਵਾਪਰਿਆ, ਉਭਰਿਆ
ਤੇ ਉਹ ਪਿੱਤਰੀ ਅਹਿਸਾਸਾਂ ਦੀ
ਬੇਬਸੀ ਨੂੰ ਚੁੱਕੀ ਸਾਹਮਣੇ ਆ ਖਲੋਤਾ

ਤੇਜ਼ ਘੁੰਮਦੇ ਗਲੋਬ ਨਾਲੋਂ
ਮਿੱਟੀ ਝੜਨ ਪਿੱਛੋਂ
ਵਿਕਾਸ ਦੇ ਜੰਗਲ ਵਿਚ
ਡੱਡੋਲਿੱਕੀ ਖੜ੍ਹੀ ਹਾਂ ਹੁਣ

•

## ਆਪਣੇ ਵਾਸਤੇ

ਬਾਜ਼ਾਰ ਵਿਚ ਤੱਕਦੀ ਹਾਂ
ਕੋਈ ਸੋਹਣਾ ਲਿਬਾਸ
ਸੋਚਦੀ ਹਾਂ ਕਿਸ ਨੂੰ ਜਚੇਗਾ
ਬੇਟੀ ਨੂੰ ਜਾਂ ਬਹੂ ਨੂੰ
ਖ਼ਰੀਦ ਹੀ ਲੈਂਦੀ ਹਾਂ

ਚਿਤਵਦੀ ਹਾਂ ਫਿਰ
ਇਸ ਤੋਹਫ਼ੇ ਨੂੰ ਤੱਕਦਿਆਂ
ਉਸ ਦੇ ਚਿਹਰੇ ’ਤੇ ਆਈ ਖ਼ੁਸ਼ੀ ਦੀ ਚਮਕ
ਤੇ ਚਮਕ ’ਚੋਂ ਫੁੱਟਦਾ ਖਿੜਾਅ

...ਤੇ ਉਹ ਖਿੜਾਅ
ਉੱਤਰ ਆਉਂਦਾ ਮੇਰੇ ਚਿਹਰੇ
ਮਨ ਵਿਚ ਆਸ ਪਾਸ...ਸਾਰੇ ਕਿਤੇ
ਛਾਇਆ ਵੀ ਰਹਿੰਦਾ
ਦਿਨਾਂ, ਹਫ਼ਤਿਆਂ ਤਕ

ਫਿਰ ਉਹ ਤੋਹਫ਼ਾ
ਉਸ ਨੂੰ ਦੇਣ ਲੱਗਿਆਂ
ਸੋਚਦੀ ਹਾਂ
ਪਸੰਦ ਆਏਗਾ ਵੀ
ਜਾਂ ਨਹੀਂ ਉਸ ਨੂੰ...!

ਆਵੇ ਨਾ ਆਵੇ
ਪਸੰਦ ਤਾਂ ਹੁੰਦੀ ਹਰੇਕ ਦੀ ਆਪਣੀ

ਪਰ...ਮੈਂ ਕਿੰਨੇ ਹੀ ਦਿਨ
ਇਸ ਤੋਹਫ਼ੇ ਨੂੰ ਤੱਕਦਿਆਂ
ਪਲਾਂ ਦੇ ਅੰਬਾਰ ਭਰ
ਜੀ ਲਿਆ ਹੁੰਦਾ ਇਕ ਆਨੰਦ
ਆਪਣੇ ਵਾਸਤੇ
ਤੇ ਇਸ ਰਿਸ਼ਤੇ ਵਾਸਤੇ ਵੀ...

•



## ਅਖ਼ਬਾਰ

ਅਖ਼ਬਾਰ ਦੇ ਪੰਨੇ ਪਰਤਦਿਆਂ
ਸੁਰਖੀਆਂ 'ਤੇ ਫਿਰਦੀ ਨਜ਼ਰ ਨੂੰ
ਤਿਲਕਾਉਣ ਦੀ
ਬੇਕਾਰ ਕੋਸ਼ਿਸ਼ ਕਰਦਿਆਂ
ਪੰਨੇ ਮੁੱਕ ਜਾਂਦੇ

ਗੁਬਾਰ ਵਿਚ ਨੱਕੋ ਨੱਕ
ਸੋਚਦੀ ਹਾਂ
ਮਨ ਵਿਚ ਤਣਾਅ ਭਰਨ
ਤੇ ਉਦਾਸੀ ਵਿਚ ਡੁੱਬਣ ਵਾਸਤੇ
ਆਪਣੇ ਕਾਰਨ ਹੀ ਬਥੇਰੇ ਹਨ...

ਉਮੀਦਾਂ ਨੂੰ ਤੋੜਨ
ਤੇ ਸੁਪਨਿਆਂ ਨੂੰ ਢਾਹੁਣ ਲਈ
ਆਪਣੇ ਸਾਧਨ ਵੀ ਤਾਂ ਬਹੁਤ ਹਨ

•

## ਜੁਗਾੜ

ਉਦਾਸੀ ਦਾ ਹਨੇਰਾ
ਸੰਘਣਾ ਹੋ ਕੇ
ਪਥਰੀਲਾ ਹੋ ਗਿਆ

ਸੋਚਾਂ ਦੇ ਦਸਤੇ ਤੇ ਜੁੜੇ
ਹਿੰਮਤ ਦੇ ਹਥੌੜੇ ਨਾਲ
ਤੋੜਦੀ ਰਹਿੰਦੀ ਹਾਂ
ਤੇ ਬਾਲਦੀ ਹਾਂ
ਟੋਟੇ ਉਸ ਦੇ
ਪਲਾਂ ਦੀ ਅੰਗੀਠੀ ਵਿਚ
ਉਮੀਦ ਦੀ ਹਵਾ ਝੱਲਦੀ ਹਾਂ
ਤੇ ਮਘਾ ਦੇ ਨਿੱਘੇ ਚਾਨਣੇ
ਜੀਣ ਦੇ ਸੁਪਨੇ ਜੋੜਦੀ, ਗੁੰਨ੍ਹਦੀ ਹਾਂ

ਇਸੇ ਜੁਗਾੜ ਦੇ ਵਿਚ ਵਿਚਾਲੇ
ਜ਼ਿੰਦਗੀ ਥੱਪ ਲੈਂਦੀ ਹਾਂ

•

## ਹਨੇਰੇ ਦਾ ਸਫ਼ਰ

ਬੱਚੇ ਨੂੰ ਨਹੀਂ ਪਤਾ
ਸੁਪਨਿਆਂ ਦੇ ਢੇਰ 'ਚੋਂ
ਕਿਹੜੇ ਸੁਪਨੇ ਚੁੱਕੇ
ਜੋ ਉਸ ਨੂੰ
ਜ਼ਿੰਦਗੀ ਦੇ ਸੁਹਜ ਭਰੀਆਂ
ਚਾਨਣੀਆਂ ਪਗਡੰਡੀਆਂ ਦਾ ਰਾਹ ਦੱਸਣ

ਜਵਾਨ ਨੂੰ ਨਹੀਂ ਪਤਾ
ਚਿਤਵੀ ਜ਼ਿੰਦਗੀ ਨੂੰ ਸੇਧ 'ਤੇ ਧਰ ਕੇ
ਵਾਹੋ-ਦਾਹੀ ਦੀ ਮਿਹਨਤ ਦਾ
ਉਹ ਕਿਹੜਾ ਤੀਰ ਚੁੱਕੇ
ਜੋ ਹਾਲਾਤ ਦੇ ਹੱਥਾਂ ਨੇ ਉਛਾਲੀ
ਸੁਪਨੇ ਦੀ ਮਛਲੀ ਨੂੰ ਜਾਂ ਵਿੰਨ੍ਹੇ

ਬਜ਼ੁਰਗ ਨੂੰ ਨਹੀਂ ਪਤਾ
ਜ਼ਿੰਦਗੀ ਦੇ ਬਨੇਰੇ ਦੀ
ਕਿਹੜੀ ਇੱਟ 'ਤੇ ਯਕੀਨ ਕਰ ਕੇ
ਉਸ ਨੂੰ ਹੱਥ ਪਾਵੇ
ਕਿ ਜ਼ਖ਼ਮੀ ਨਾ ਹੋ ਜਾਏ ਉਮਰ

ਭਵਿੱਖ ਦੀ ਰੰਗਲੀ ਚਿਤਵਨ ਦੇ
ਧਾਗੇ ਨੂੰ ਪਕੜੀ
ਵਰਤਮਾਨ ਦੇ ਬੇਹਾਲ ਸੀਨੇ 'ਤੇ
ਪੈਰ ਰੱਖ ਕੇ ਤੁਰਦੇ ਜਾਂਦੇ
ਹਨੇਰੇ ਦੇ ਸਫ਼ਰ 'ਤੇ ਹਨ ਸਭ

•

## ਸਮਾਂ ਆਉਂਦਾ ਹੈ

ਸਮਾਂ ਆਉਂਦਾ ਏ
ਬਦਲ ਜਾਂਦੇ ਨੇ
ਸਾਹਾਂ ਦੇ ਤਾਲਮੇਲ
ਧੌਂਕਣੀ ਵਰਗੇ ਹੌਕੇ
ਤੇ ਰੀਂਗਦੇ ਜਿਹੇ ਸਾਹ
ਸਮਰੂਪ ਹੋ ਜਾਂਦੇ

ਹੌਕੇ ਸਾਹ ਦੇ ਜਾਂਦੇ
ਤੇ ਸਾਹ ਹੌਕਿਆਂ ਦਾ ਲਿਬਾਸ ਪਾ
ਵਿਚ ਵਿਚਾਲੇ ਘੁੰਮਦੇ ਰਹਿੰਦੇ

ਜੀਣ ਲਈ ਸਾਹ ਲੋੜੀਂਦੇ
ਉਨ੍ਹਾਂ ਨੂੰ ਹੌਕਿਆਂ 'ਚੋਂ ਛਾਣ ਕੇ
ਨਿਖੇੜਨ ਦੀ ਕੋਸ਼ਿਸ਼ ਵਿਚ
ਸਾਰੇ ਸਾਹ ਹੌਕਿਆਂ ਵਿਚ ਬਦਲ ਜਾਂਦੇ
ਤੇ ਉੱਡ ਰਹੇ ਸਾਹਾਂ 'ਚੋਂ
ਧੂੰਆਂ ਰਹਿ ਜਾਂਦਾ
ਸਮੇਂ ਦੇ ਪੱਲੇ

ਸਮਾਂ ਆਉਂਦਾ ਹੈ...ਫਿਰ ਵੀ

•

ਪਾਠਕਾਂ ਲਈ...